Postal No.-- CHD/0111/2012-14

Regd No. 32212/78

# ਲੁਬਾਣਾ ਸੇਵਕ

ਸਤੰਬਰ 2014 ਮਾਸਿਕ ਮੁੱਲ : 15/-

ਦੇਸ਼-ਵਿਦੇਸ਼ ਦੀ ਸਮੂਹ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਦੀ ਲੱਖ-ਲੱਖ ਵਧਾਈ

ਸੰਪਾਦਨ ਅਸਥਾਨ - ਆਦਿ ਗ੍ਰੰਥ ਸਾਹਿਬ

## ਗੁਰਦੁਆਰਾ ਰਾਮਸਰ ਸਾਹਿਬ ਅੰਮ੍ਰਿਤਸਰ




ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਅਦੁੱਤੀ ਸ਼ਖ਼ਸ਼ੀਅਤ ਬਾਬਾ ਮੱਖਣ ਸ਼ਾਹ ਲੁਬਾਣਾ




ਗੁਰਚਰਨ ਸਿੰਘ
ਪ੍ਰਧਾਨ
ਬਾਬਾ ਮੱਖਣ ਸ਼ਾਹ
ਲੁਬਾਣਾ ਫਾਊਂਡੇਸ਼ਨ
98140-17067


ਬਾਬਾ ਮੱਖਣ ਸ਼ਾਹ ਲੁਬਾਣਾ ਜੀ ਗੁਰੂ ਘਰ ਦੇ ਅਨਿਨ ਸੇਵਕ ਅਤੇ ਬਹੁਤ ਨਾਮਵਰ ਵਪਾਰੀ ਸਨ। ਆਪ ਜੀ ਦੇ ਜੀਵਨ ਤੇ ਗੁਰੂ ਘਰ ਦੀ ਅਪਾਰ ਬਖਸ਼ਿਸ਼ ਪਹਿਲੀ ਵਾਰ ਪੰਦਰਾਂ ਸਾਲ ਦੀ ਉਮਰ ਤੇ ਆਪਣੇ ਪਿਤਾ ਨਾਇਕ ਦਾਸੇ ਸ਼ਾਹ ਜੀ, ਜੋ ਕਿ ਪਿੰਡ ਮੋਟਾ ਟਾਂਡਾ (ਮੁਜਾਫਰਾਬਾਦ ਤੋਂ 18 ਮੀਲ ਹੈ) ਨਾਲ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਦਰਸ਼ਨ ਪਾਏ। ਇਸ ਉਪਰੰਤ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਆਏ ਅਤੇ ਜਦੋਂ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਗੜ੍ਹ ਗਵਾਲੀਅਰ ਦੀ ਨਜ਼ਰਬੰਦੀ ਤੋਂ ਬੰਧਨ ਮੁਕਤ ਹੋ ਕੇ ਬਾਦਸ਼ਾਹ ਜਹਾਂਗੀਰ ਨਾਲ ਕਸ਼ਮੀਰ ਦੇਸ਼ ਦੇ ਉਦਾਰ ਵਾਸਤੇ ਜਾ ਰਹੇ ਸਨ ਤਾਂ ਗ੍ਰਾਮ ਨਲੂਛੀ, ਜ਼ਿਲ੍ਹਾ ਮੁਜਾਫਰਬਾਦ (ਕਸ਼ਮੀਰ) ਦੇ ਮੁਕਾਮ ਤੇ ਮਿਲੇ ਅਤੇ ਸ਼ਰਧਾ ਨਾਲ ਭੇਟਾ ਅਰਪਨ ਕੀਤੀ ਜਿਥੇ ਅੱਜਕਲ੍ਹ ਗੁਰਦੁਆਰਾ ਸਾਹਿਬ ਸਸ਼ੋਭਤ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਕੀਰਤਪੁਰ ਗੁਰੂ ਹਰਰਾਇ ਸਾਹਿਬ ਜੀ ਅਤੇ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਦਰਸ਼ਨ ਕਰਨ ਆਉਂਦੇ ਰਹਿੰਦੇ ਸਨ। ਬਾਬਾ ਜੀ ਦਾ ਕੀਮਤੀ ਮਾਲ ਅਸਬਾਬ ਨਾਲ ਭਰਿਆ ਜਹਾਜ਼ ਤੂਫਾਨ ਕਾਰਨ ਬਰੇਤੀ ਵਿਚ ਫਸ ਗਿਆ ਅਤੇ ਬਹੁਤ ਕੋਸ਼ਿਸ਼ਾਂ ਕਰਨ ਤੇ ਵੀ ਸਫ਼ਲ ਨਾ ਹੋਏ ਅਤੇ ਨਾਨਕ ਘਰ ਅੱਗੇ ਇਕ ਚਿਤ, ਇਕ ਮਨ ਅਰਦਾਸ ਕੀਤੀ ਜੋ ਕਿ ਪੂਰੀ ਹੋਈ ਤੇ ਜਹਾਜ਼ ਬੰਨੇ ਲੱਗ ਗਿਆ। ਅਰਦਾਸ ਵਿਚ ਸੁੱਖੀ ਪੰਜ ਸੌ ਮੋਹਰਾਂ ਦੀ ਭੇਟਾਂ ਸਮੇਤ ਪਰਿਵਾਰ ਅਤੇ ਆਪਣੇ ਲਾਮ ਲਸ਼ਕਰ ਨਾਲ ਦਿੱਲੀ ਅੱਠਵੇਂ ਗੁਰੂ ਨਾਨਕ ਜੋਤ ਗੁਰੂ ਹਰਕ੍ਰਿਸ਼ਨ ਸਾਹਿਬ ਨੂੰ ਮਿਲਣ ਵਾਸਤੇ ਪੁੱਜੇ ਪ੍ਰੰਤੂ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਸਮੇਂ ਬਾਬਾ ਬਕਾਲਾ, ਸ਼ਬਦ ਉਚਾਰੇ ਜਾਣ ਤੇ ਆਪ ਜੀ ਨੌਂਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਭਾਲ ਵਿਚ ਬਾਬਾ ਬਕਾਲੇ ਪੁੱਜੇ ਅਤੇ ਉਥੇ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਦਾ ਕੌਤਕ ਹੋਇਆ। ਬਾਈ ਸੋਢੀਆਂ ਨੂੰ ਆਪਣੇ ਆਪ ਨੂੰ ਗੁਰੂ ਹੋਣ ਦਾ ਭਰਮ ਤੋੜ ਕੇ ਸਮੂਹ ਸੰਗਤਾਂ ਨੂੰ ਸੱਚੇ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਜੋੜਿਆ। ਇਸ ਤੋਂ ਪਿਛੋਂ ਧੀਰਮਲੀਆਂ ਨੂੰ ਸੋਧਿਆ ਅਤੇ ਗੁਰੂ ਘਰ ਦੀ ਸੇਵਾ ਅਨੰਦਪੁਰ ਸਾਹਿਬ ਸਥਾਪਿਤ ਕਰਨ ਤੱਕ ਤਨ, ਮਨ, ਧਨ ਨਾਲ ਕਰਕੇ ਗੁਰੂ ਘਰ ਵਿਚ ਇਤਿਹਾਸਕ ਰੋਲ ਅਦਾ ਕੀਤਾ ਜੋ ਕਿ ਇਕ ਇਤਿਹਾਸ ਬਣ ਚੁੱਕਾ ਹੈ।

ਸਾਨੂੰ ਸਾਰਿਆਂ ਨੂੰ ਆਪਣਾ ਜੀਵਨ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਪੂਰਨਿਆਂ ਤੇ ਚੱਲ ਕੇ ਗੁਰੂ ਆਸੇ ਅਤੇ ਬਾਣੀ ਨੂੰ ਸਮਰਪਤ ਭਾਵਨਾ ਨਾਲ ਭਾਈਚਾਰਾ, ਸਮਾਜ ਅਤੇ ਮਨੁੱਖੀ ਸੇਵਾ ਲਈ ਬਿਨ੍ਹਾਂ ਕਿਸੇ ਵਿਤਕਰੇ ਦੇ ਬਤੀਤ ਕਰਨਾ ਚਾਹੀਦਾ ਹੈ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾ ਹੋਵੇਗੀ।

# ਲੁਬਾਣਾ ਸੇਵਕ



**Chief Editor**
S. Gurcharan Singh
117, Sector-35-A, Chandigarh
M.: 98140-17067

**Editor**
S. Bhagwan Singh Lubana
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Co-Editor**
S. Manjit Singh Jalandhar
S.E. (Retd.)
63, Ravinder Nagar, Jalandhar
M.: 99882-42425

**Outline Editor**
Er. Harbir Singh Multani Jalandhar

**Advisors**
Principal Dr. Tarlok Singh, Mohali
S. Naginder Singh, Mohali
Prof. Rajinder Singh, Jalandhar
S. Surinder Singh Ruby (E.T.O.), Jalandhar
Dr. Davinder Singh, Mukerian



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

Printed & Published by
Gurcharan Singh for Baba Makhan
Shah Lobana Foundation (Regd.)
Sector 30-A, Chandigarh.

Computer Designing
Walia Paper & Stationer's



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 31 | ਸਤੰਬਰ - 2014



1. ਵੱਡੀ ਮਿਆਣੀ ਦੇ ਜੰਮਪਲ ਪਾਕਿਸਤਾਨੀ ਕੌਮੀ ਸ਼ਾਇਰ ਹਬੀਬ ਜਾਲਿਬ 4
2. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ 8
3. ਗੁਰ ਸਾਗਰ ਦੇ ਸੁੱਚੇ ਮੋਤੀ 12
4. ਇਨਸਾਨੀ ਸੋਚ ਤੇ ਦੋਗਲਾਪਨ 16
5. ਜਨਮ ਸਮੇਂ ਦੀਆਂ ਰਸਮਾਂ ਤੇ ਗੀਤ 19
6. ਸਾਡੀਆਂ ਖੇਡਾਂ – ਸਾਡਾ ਵਿਰਸਾ 22
7. ਹਲਟ 25
8. ਕੁਏਸ਼ਨਰੀ ਆਫ਼ ਸਿੱਖ ਧਰਮ 27
9. ਕਾਵਿ–ਕਿਆਰੀ 28
10. ਆਓ ਹੱਸੀਏ 31
11. ਜਾਨਵਰਾਂ ਸੰਬੰਧੀ ਅਨੋਖੀ ਜਾਣਕਾਰੀ 32
12. ਸਿਹਤ ਸੰਭਾਲ 33
13. ਦਾਨੀ ਸੱਜਣਾਂ ਦੀ ਸੂਚੀ 36
14. ਹੜ੍ਹ ਪੀੜ੍ਹਤਾਂ ਲਈ ਮੱਦਦ – ਅਪੀਲ 38







'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

## ਵੱਡੀ ਮਿਆਣੀ ਦੇ ਜੰਮਪਲ

# ਪਾਕਿਸਤਾਨੀ ਕੌਮੀ ਸ਼ਾਇਰ ਹਬੀਬ ਜਾਲਿਬ

ਹੁਸ਼ਿਆਰਪੁਰ ਜ਼ਿਲ੍ਹੇ ਦੇ ਲਹਿੰਦੇ ਪਾਸੇ ਵੱਲ ਨੁੱਕਰ 'ਤੇ ਬਿਆਸ ਦਰਿਆ ਦੇ ਧੁਸੀ ਬੰਨ੍ਹ ਦੇ ਨਾਲ ਲੱਗਦੇ ਟਾਂਡੇ ਤੋਂ ਤਕਰੀਬਨ ਸੱਤ ਕੁ ਕਿਲੋਮੀਟਰ ਦੂਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਚਰਨਾਂ ਦੀ ਛੂਹ ਪ੍ਰਾਪਤੀ ਦਾ ਪ੍ਰਤੀਕ ਗੁਰਦੁਆਰਾ ਪੁਲ ਪੁਖਤਾ ਤੋਂ ਸੱਜੇ ਹੱਥ ਤਕਰੀਬਨ ਇਕ ਕਿਲੋਮੀਟਰ ਤੇ ਇਕ ਇਤਿਹਾਸਕ ਅਮੀਰ ਵਿਰਸੇ ਵਾਲਾ ਪਿੰਡ ਮਿਆਣੀ ਹੈ ਅਤੇ ਇਸ ਪਿੰਡ ਅੰਦਰ ਦਾਖਲ ਹੁੰਦਿਆਂ ਹੀ ਖ਼ੂਬਸੂਰਤ ਕੋਠੀਆਂ ਕਿਸੇ ਅਨਜਾਣ ਰਾਹਗੀਰ ਨੂੰ ਇਕ ਸ਼ਹਿਰ ਦਾ ਭੁਲੇਖਾ ਪਾਉਂਦੀਆਂ ਹਨ।



ਬਿਆਸ ਦਰਿਆ ਦੇ ਹੜ੍ਹਾਂ ਦੀ ਹਰ ਸਾਲ ਤਾਬ ਝੱਲਣ ਵਾਲੇ ਇਸ ਪਿੰਡ ਅਤੇ ਇਲਾਕੇ ਦੀ ਗਾਥਾ ਕੱਚੇ ਕੋਠਿਆਂ ਤੋਂ ਸ਼ੁਰੂ ਕਰਨ ਤੋਂ ਪਹਿਲਾਂ ਇਥੋਂ ਦੀਆਂ ਛੋਟੀਆਂ ਇੱਟਾਂ ਨਾਲ ਬਣੀਆਂ ਪੁਰਾਣੀਆਂ ਖੰਡਰ ਇਮਾਰਤਾਂ ਇਕ ਅਮੀਰ ਇਤਿਹਾਸ ਨੂੰ ਆਪਣੀ ਹਿੱਕ ਨਾਲ ਲਾਈ ਖਾਮੋਸ਼ ਕਾਇਮ ਹਨ ਕਿਉਂਕਿ ਇਨ੍ਹਾਂ ਨੂੰ ਗਿਲਾ ਹੈ ਕਿ ਇਸ ਚੁੱਪ ਨੂੰ ਤੋੜਨ ਦੀ ਕਿਸੇ ਨੇ ਕੋਸ਼ਿਸ਼ ਹੀ ਨਹੀਂਕ ਿਤੀ।ਅ ੱਜਸ਼ ਾਇਦੀ ਇਹਨਾਂ ਇੱਟਾਂਦ ੇਿ ਸਰਜਣਹਾਰੇਓ_ਹਨਾਂ ਬਹਾਦਰ ਪਠਾਣਾਂ ਦੀਆਂ ਰੂਹਾਂ ਝੂੰਮਣਗੀਆਂ ਜਿਨ੍ਹਾਂ ਇਕ ਵੇਲਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਨੂੰ ਵੀ ਪਛਾੜਿਆ ਸੀ ਅਤੇ ਇਸ ਪਿੰਡ ਨੂੰ ਸਰ ਕਰਨ ਵਾਸਤੇ ਮਹਾਰਾਜਾ ਰਣਜੀਤ ਸਿੰਘ ਨੇ ਦੁਬਾਰਾ ਹਰਿਮੰਦਰ ਸਾਹਿਬ ਵਿਖੇ 500 ਰੁਪਏ ਦਾ ਪ੍ਰਸ਼ਾਦ ਅਤੇ ਅਰਦਾਸ ਕਰਵਾਉਣ ਉਪਰੰਤ ਹਮਲਾ ਕੀਤਾ। ਮੁਸਲਮਾਨਾਂ ਦੀ ਇਕ ਗੋਤ ਮੀਆਂ ਦੇ ਲੋਕ ਇਥੇ ਵਸਣ ਕਾਰਨ ਇਸ ਪਿੰਡ ਨੂੰ ਮਿਆਣੀ ਕਿਹਾ ਜਾਣ ਲੱਗਾ ਅਤੇ ਸਮੇਂ ਦੀ ਚਾਲ ਨਾਲ ਇਹ ਪਿੰਡ ਸਰਦਾਰ ਖਾਨ ਅਤੇ ਕਰਾਰ ਖਾਨ ਪਠਾਣਾਂ ਦੀ ਕਮਾਨ ਹੇਠ ਆ ਗਿਆ। ਹੌਲੀ-ਹੌਲੀ ਪਠਾਣਾਂ ਦੀ ਅਬਾਦੀ ਵੱਧਦੀ ਗਈ ਅਤੇ ਪਿੰਡ ਦਾ ਨਾਮ ਵੀ ਮਿਆਣੀ ਤੋਂ ਮਿਆਣੀ ਅਫਗਾਨਾ ਜਾਂ ਮਿਆਣੀ ਪਠਾਣਾਂ ਪੈ ਗਿਆ।




**ਭਗਵਾਨ ਸਿੰਘ ਲੁਬਾਣਾ**
**ਸੰਪਾਦਕ**
**98155-40240**


'ਮਿਆਣੀ ਅਫਗਾਨਾ' ਪਿੰਡ ਨੂੰ ਇਕ ਨਿਵੇਕਲਾ ਮਾਣ ਹਾਸਲ ਹੈ ਕਿ ਪਾਕਿਸਤਾਨ ਦਾ ਅਵਾਮੀ ਸ਼ਾਇਰ (ਲੋਕਾਈ ਦਾ ਕਵੀ) ਹਬੀਬ ਜਾਲਬ ਇਥੋਂ ਦਾ ਜੰਮਪਲ ਸੀ। ਪਾਕਿਸਤਾਨੀ ਹਾਕਮਾਂ ਦੇ ਜ਼ੁਲਮਾਂ ਦੇ ਖਿਲਾਫ ਆਵਾਜ਼ ਬੁਲੰਦ ਕਰਨ ਵਾਲੇ ਇਸ ਸ਼ਾਇਰ ਦਾ ਲਾਹੌਰ ਵਿਖੇ 12 ਮਾਰਚ, 1993 ਨੂੰ ਰਾਤ ਸਾਢੇ ਬਾਰਾਂ ਵਜੇ ਦਿਹਾਂਤ ਹੋ ਗਿਆ ਸੀ। ਇਸ ਸ਼ਾਇਰ ਦੀ ਅੰਦਰਲੀ ਭੜਾਸ ਬਾਰੇ ਮੇਰੇ ਮਿੱਤਰ ਪਾਕਿਸਤਾਨੀ ਲੇਖਕ 'ਇਲਿਆਸ ਘੁੰਮਣ' ਵੱਲੋਂ ਹਬੀਬ ਜਾਲਬ ਨੂੰ ਸ਼ਰਧਾਂਜਲੀ ਵਜੋਂ ਆਪਣੀ ਕਲਮ ਤੋਂ ਜੋ ਬਿਆਨ ਕੀਤਾ ਗਿਆ ਸੀ ਉਸ ਨੂੰ ਮੈਂ ਇਉਂ ਅੰਕਿਤ ਕਰ ਰਿਹਾ ਹਾਂ।

ਹਬੀਬ ਜਾਲਬ ਉਹ ਅਜ਼ੀਮ ਕਵੀ ਸੀ ਜਿਹਨੇ ਪੰਜਾਬੀ ਦੇ ਮਹਾਨ ਸ਼ਾਇਰ ਉਸਤਾਦ ਦਾਮਨ ਦੀ ਰੀਤ ਨੂੰ ਅੱਗੇ ਤੋਰਦੇ ਹੋਏ ਆਪਣੀ ਸਾਰੀ ਜ਼ਿੰਦਗੀ ਪਾਕਿਸਤਾਨ ਦੇ ਫੌਜੀ ਡਿਕਟੇਟਰਾਂ ਤੇ ਜਮਹੂਰੀ ਤਾਨਾਸ਼ਾਹਾਂ ਨਾਲ ਮੱਥਾ ਲਾਈ ਰੱਖਿਆ ਤੇ ਉਹਦੀ ਸ਼ਾਇਰੀ ਇਕ ਅਜਿਹੀ ਇਤਿਹਾਸਕ ਦਸਤਾਵੇਜ਼ ਬਣ ਗਈ ਜਿਹਦੇ ਇਕ-ਇਕ ਅੱਖਰ ਵਿਚ ਉਹ ਸੱਚਾਈ ਲੁਕਾਈ ਹੋਈ ਹੈ ਜਿਹੜੀ ਜ਼ਾਲਮ ਹਾਕਮਾਂ ਦੀਆਂ ਭੈੜੀਆਂ ਰਾਜਨੀਤੀਆਂ ਉਤੋਂ ਪਰਦਾ ਚੁੱਕਦੀ ਹੈ। ਪੰਜਾਬ ਤੇ ਪੰਜਾਬੀਆਂ ਦੇ ਇਸ ਸੱਚੇ ਸੇਵਕ ਨੂੰ ਸੱਚ ਲਿਖਣ ਦੇ ਜ਼ੁਰਮ ਵਿਚ ਜ਼ਿੰਦਗੀ ਦਾ ਬਹੁਤਾ ਅਰਸਾ ਪਾਕਿਸਤਾਨ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਗੁਜ਼ਾਰਨਾ ਪਿਆ ਪਰ ਕਰੜੇ ਤੋਂ ਕਰੜਾ ਤਸ਼ੱਦਦ ਵੀ ਉਹਨੂੰ ਪੰਜਾਬੀ ਲੋਕਾਈ ਦੇ ਦੁਖੜਿਆਂ ਨੂੰ ਆਪਣੇ ਸ਼ੇਅਰਾਂ ਵਿਚ ਬਿਆਨਣ ਤੋਂ ਨਾ ਰੋਕ ਸਕਿਆ। ਕੌਮ ਨੇ ਉਹਨੂੰ 'ਅਵਾਮੀ ਸ਼ਾਇਰ' (ਲੋਕਾਈ ਦਾ ਕਵੀ) ਦਾ ਖਿਤਾਬ ਦਿੱਤਾ ਸੀ ਤੇ ਹਬੀਬ ਜਾਲਬ ਨੇ ਵੀ ਮਾੜੇ ਤੋਂ ਪਿਸੇ ਹੋਏ ਲੋਕਾਂ ਦੀ ਆਵਾਜ਼ ਬਣ ਕੇ ਇਸ ਖਿਤਾਬ ਦਾ ਹੱਕ ਅਦਾ ਕਰ ਦਿੱਤਾ। ਬਹੁਤ ਸਾਰੇ ਰੋਗਾਂ ਕਾਰਨ ਜ਼ਿੰਦਗੀ ਦੇ ਅਖੀਰੀ ਮਹੀਨਿਆਂ ਵਿਚ ਡਾਕਟਰਾਂ ਨੇ ਹਬੀਬ ਜਾਲਬ ਨੂੰ ਲਾ-ਇਲਾਜ ਕਰਾਰ ਦੇ ਦਿੱਤਾ ਸੀ ਪਰ ਉਹ ਮੌਤ ਦੀ ਸੇਜ ਉੱਪਰ ਬੈਠਾ ਵੀ ਅਖੀਰੀ ਦਿਨਾਂ ਤੱਕ ਪੰਜਾਬੀ ਤੇ ਉਰਦੂ ਵਿਚ ਕਵਿਤਾਵਾਂ ਲਿਖਦਾ ਰਿਹਾ। ਹਬੀਬ ਜਾਲਬ ਦੀ ਜ਼ਿੰਦਗੀ ਵਿਚ ਈ ਉਸ ਦੇ 10 ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋ ਗਏ ਸਨ

ਜਿਹੜੇ ਬੇਹੱਦ ਮਕਬੂਲ ਹੋਏ। ਆਓ ਇਸ ਮਹਾਂ ਕਵੀ ਦੀ ਜ਼ਿੰਦਗੀ ਦੀ ਜ਼ਬਰਦਸਤ ਜਦੋ-ਜਹਿਦ ਉਤੇ ਇਕ ਝਾਤ ਪਾਈਏ।

ਹਬੀਬ ਜਾਲਬ ਨੇ 28 ਫਰਵਰੀ 1928 ਨੂੰ ਹੁਸ਼ਿਆਰਪੁਰ ਦੇ ਪਿੰਡ 'ਮਿਆਣੀ ਅਫਗਾਨਾਂ' ਵਿਖੇ ਮੁਸਲਮਾਨਾਂ ਦੇ ਇਕ ਬਹੁਤ ਹੀ ਗਰੀਬ ਪਰਿਵਾਰ ਵਿਚ ਜਨਮ ਲਿਆ। ਮਾਪਿਆਂ ਨੇ ਉਹਦਾ ਨਾਂ ਹਬੀਬ ਅਹਿਮਦ ਰੱਖਿਆ ਸੀ। ਇਕ ਵਾਰ ਟੈਲੀਵਿਜ਼ਨ ਦੇ ਇੰਟਰਵਿਊ ਵਿਚ ਹਬੀਬ ਜਾਲਬ ਨੇ ਦੱਸਿਆ ਸੀ ਕਿ ਉਹਦਾ ਪਰਿਵਾਰ ਏਨਾ ਗਰੀਬ ਸੀ ਕਿ ਉਹਨੂੰ ਛੋਟੀ ਉਮਰੇ ਹੀ ਕਿਰਤ ਕਰਨੀ ਪੈ ਗਈ ਸੀ। ਉਹ ਆਪਣੀ ਅੰਨ੍ਹੀ ਨਾਨੀ ਦੇ ਬਣਾਏ ਹੋਏ ਨਾਲੇ ਤੇ ਪਰਾਂਦੇ ਪਿੰਡ-ਪਿੰਡ ਵੇਚਦਾ ਹੁੰਦਾ ਸੀ। ਇਸ ਮਿਹਨਤ ਮਜ਼ਦੂਰੀ ਦੇ ਨਾਲ-ਨਾਲ ਉਹ ਪੜ੍ਹਦਾ ਵੀ ਰਿਹਾ ਤੇ ਮੈਟਰਿਕ ਪਾਸ ਕਰ ਗਿਆ। ਵੰਡ ਵੇਲੇ ਉਹਦੀ ਉਮਰ 19 ਸਾਲ ਸੀ। ਉਹ ਪਹਿਲੋਂ ਕਰਾਂਚੀ ਆਇਆ ਤੇ ਉਥੇ ਰੋਜ਼ਾਨਾ ਅਖ਼ਬਾਰ 'ਜੰਗ' ਵਿਚ ਪਰੂਫ਼ ਰੀਡਰ ਵਜੋਂ ਭਰਤੀ ਹੋ ਗਿਆ। ਬਾਅਦ ਵਿਚ ਪੱਕੇ ਤੌਰ 'ਤੇ ਲਾਹੌਰ ਆ ਗਿਆ ਤੇ ਪੰਜਾਬੀ ਫ਼ਿਲਮਾਂ ਲਈ ਗਾਣੇ ਲਿਖਣੇ ਸ਼ੁਰੂ ਕਰ ਦਿੱਤੇ।

ਹਬੀਬ ਜਾਲਬ ਸ਼ੁਰੂ-ਸ਼ੁਰੂ ਵਿਚ ਇਸ਼ਕੀਆ ਸ਼ਾਇਰੀ ਕਰਦੇ ਹੁੰਦੇ ਸਨ ਪਰ ਮਾੜੀ ਲੋਕਾਈ ਦੇ ਮੰਦੇ ਹਾਲ ਤੋਂ ਪ੍ਰਭਾਵਤ ਹੋ ਕੇ ਅਤੇ ਹਾਕਮਾਂ ਦਾ ਜਬਰ ਵੇਖ ਕੇ ਮੋਹ ਪਿਆਰ ਦੇ ਸਾਰੇ ਕਿੱਸੇ ਭੁੱਲ ਭੁਲਾ ਕੇ ਉਹਨਾਂ ਹਾਕਮਾਂ ਤੇ ਜਾਬਰਾਂ ਦੇ ਖਿਲਾਫ ਲਿਖਣਾ ਸ਼ੁਰੂ ਕਰ ਦਿੱਤਾ। ਇਸੇ ਕਾਰਨ ਈ ਪਾਕਿਸਤਾਨ ਵਿਚ ਆਉਣ ਤੋਂ ਸਿਰਫ਼ 7 ਸਾਲ ਮਗਰੋਂ ਈ ਉਨ੍ਹਾਂ ਨੂੰ ਪਹਿਲੀ ਵਾਰ ਗ੍ਰਿਫ਼ਤਾਰ ਕਰ ਲਿਆ ਗਿਆ। ਫੇਰ ਤਾਂ ਉਹਨਾਂ ਦੀਆਂ ਗ੍ਰਿਫ਼ਤਾਰੀਆਂ ਦਾ ਇਕ ਸਿਲਸਿਲਾ ਈ ਜਾਰੀ ਹੋ ਗਿਆ। ਉਹਨਾਂ ਦਾ ਇਕ ਪੈਰ ਜੇਲ੍ਹ ਤੋਂ ਬਾਹਰ ਹੁੰਦਾ ਤੇ ਦੂਜਾ ਫੇਰ ਅੰਦਰ ਹੁੰਦਾ। ਪਰ ਇਹ ਸਾਰੇ ਸਰਕਾਰੀ ਜਬਰ ਹਬੀਬ ਜਾਲਬ ਨੂੰ ਸੱਚ ਲਿਖਣ ਤੋਂ ਰੋਕ ਨਾ ਸਕੇ। ਉਹਨਾਂ ਲੋਕਾਈ-ਵਿਰੋਧੀ ਕੁਕਰਮ ਕਰਨ ਵਾਲੇ ਹਰ ਮਾਰਸ਼ਲ ਲਾਅ ਐਡਮਨਿਸਟਰੇਟਰ ਤੇ ਪ੍ਰਧਾਨ ਮੰਤਰੀ ਨੂੰ ਆਪਣੀ ਸ਼ਾਇਰੀ ਰਾਹੀਂ ਨਿਸ਼ਾਨਾ ਬਣਾਇਆ।

ਫੀਲਡ ਮਾਰਸ਼ਲ ਅਯੂਬ ਖਾਨ ਦੇ ਦੌਰ ਵਿਚ ਜਦ ਦੇਸ਼ ਵਿਚ ਇਕ ਪਾਸੇ ਫਿਰਕੂ ਲੜਾਈ ਝਗੜੇ ਸ਼ੁਰੂ ਹੋ ਗਏ ਤੇ ਦੂਜੇ ਪਾਸੇ ਕੁਝ ਸਨਅਤੀ ਪਰਿਵਾਰਾਂ ਨੇ ਦੇਸ਼ ਦੀ ਸਾਰੀ ਦੌਲਤ ਇਕੱਠੀ ਕਰਕੇ ਬਾਕੀ ਦੇ ਕਰੋੜਾਂ ਲੋਕਾਂ ਨੂੰ ਹੋਰ ਗਰੀਬ ਕਰ ਦਿੱਤਾ ਤਾਂ ਜਾਲਬ ਨੇ ਉਸ ਵੇਲੇ ਦੇ ਤਾਨਾਸ਼ਾਹ ਦਾ ਨਾਂ ਲੈ ਕੇ ਇਕ ਕਰੜੀ ਆਲੋਚਨਾ ਭਰੀ ਕਵਿਤਾ 'ਅਯੂਬ ਜ਼ਿੰਦਾਬਾਦ' ਲਿਖੀ, ਜਿਹਦੇ ਜ਼ੁਰਮ ਵਿਚ ਫੌਜੀ ਸਰਕਾਰ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਕਵਿਤਾ ਦੇ ਕੁਝ ਸ਼ੇਅਰ ਇਹ ਸਨ –

**ਗਲੀ ਗਲੀ ਵਿਚ ਜੰਗ ਹੋਈ**
**ਖਲਕਤ ਵੇਖ ਕੇ ਦੰਗ ਹੋਈ**
**ਵੀਹ ਘਰਾਨੇ ਹੋਏ ਅਬਾਦ**
**ਤੇ ਕਰੋੜਾਂ ਰਹੇ ਬੇਅਬਾਦ**
**ਸਦਰ ਅਯੂਬ ਜ਼ਿੰਦਾਬਾਦ।**

ਅਯੂਬ ਖਾਨ ਲੰਬੇ ਚਿਰ ਤੱਕ ਪਾਕਿਸਤਾਨ ਦਾ ਹਾਕਮ ਬਣਿਆ ਰਿਹਾ ਤੇ ਉਹਨਾਂ ਸਾਰੇ ਸਾਲਾਂ ਵਿਚ ਈ ਉਹਦਾ ਤੇ ਹਬੀਬ ਜਾਲਬ ਦਾ ਇੱਟ-ਖੜੱਕਾ ਲੱਗਾ ਰਿਹਾ। ਕਦੇ ਜਾਲਬ ਉਹਦੇ ਬਣਾਏ ਸੰਵਿਧਾਨ ਦਾ ਮਜ਼ਾਕ ਉਡਾਉਂਦਾ ਜੇਲ੍ਹ ਅੱਪੜ ਜਾਂਦਾ ਤੇ ਕਦੇ ਉਹਦੀ ਬਣਾਈ ਅਸੰਬਲੀ ਨੂੰ ਜਾਅਲੀ ਮਿਥ ਕੇ ਤਸੀਹੇ ਸਹਿੰਦਾ। ਅਯੂਬ ਖਾਨ ਤੋਂ ਬਾਅਦ ਯਹੀਆ ਖਾਨ ਮਾਰਸ਼ਲ ਲਾਅ ਐਡਮਨਿਸਟਰੇਟਰ ਬਣਿਆ ਤਾਂ ਉਹ ਆਪਣੇ ਤੋਂ ਪਹਿਲੇ ਜਰਨੈਲ ਤੋਂ ਵੀ ਕਿਤੇ ਵੱਧ ਜ਼ਾਲਮ ਤੇ ਤਸ਼ੱਦਦ-ਪਸੰਦ ਸਾਬਤ ਹੋਇਆ। ਹਬੀਬਜ ਾਲਬਨ ੇਜ ਨਰਲਯ ਹੀਆਖ ਾਨਦ ਾਂ ਇਸਕ ਵਿਤਾਨ ਾਲ ਸਵਾਗਤ ਕੀਤਾ –

**ਇਸ ਹੰਕਾਰ ਨਾਲ ਉਹ ਜੀਂਦੇ ਨੇਂ**
**ਕਿ ਜਿਵੇਂ ਮਰਨਾ ਈ ਨਹੀਂ**
**ਤਖਤ ਉਤੇ ਬੈਠੇ ਨੇਂ ਏਦਾਂ**
**ਕਿ ਜਿਵੇਂ ਉਤਰਨਾ ਈ ਨਹੀਂ**
**ਤੇਰੇ ਤੋਂ ਪਹਿਲਾਂ ਉਹ ਜਿਹੜਾ**
**ਇਕ ਸ਼ਖ਼ਸ਼ ਇਥੇ ਤਖਤਨਸ਼ੀਂ ਸੀ**
**ਉਹਨੂੰ ਵੀ ਆਪਣੇ ਖੁਦਾ ਹੋਣ**
**ਉਤੇ ਏਨਾ ਈ ਯਕੀਂ ਸੀ।**

ਉਹਨਾਂ ਦਿਨਾਂ ਵਿਚ ਈ ਬੰਗਲਾ ਦੇਸ਼ ਦੀ ਆਜ਼ਾਦੀ ਲਈ ਚੱਲ ਰਿਹਾ ਸੰਘਰਸ਼ ਸਿਖਰਾਂ ਉਤੇ ਪੁੱਜ ਗਿਆ ਸੀ। ਹਬੀਬ ਜਾਲਬ ਦਾ ਸੰਬੰਧ ਪਾਕਿਸਤਾਨ ਦੇ ਉਹਨਾਂ ਖੁੱਲ੍ਹੇ ਜ਼ਿਹਨ ਵਾਲੇ ਵਿਦਵਾਨਾਂ ਨਾਲ ਸੀ ਜਿਹਨਾਂ ਦਾ ਨਜ਼ਰੀਆ ਇਹ ਸੀ ਕਿ ਮਨੁੱਖੀ ਹੱਕਾਂ ਨੂੰ ਸਭ ਤੋਂ ਵੱਧ ਮਹੱਤਤਾ ਦੇਣੀ ਚਾਹੀਦੀ ਏ। ਇਹਨਾਂ ਵਿਦਵਾਨਾਂ ਦਾ ਕਹਿਣਾ ਸੀ ਕਿ ਜੇ ਕਿਸੇ ਖਿੱਤੇ ਦੇ ਵਸਨੀਕ ਵੱਡੀ ਗਿਣਤੀ ਵਿਚ ਕਿਸੇ ਰਿਆਸਤ ਤੋਂ ਵੱਖ ਹੋਣ ਦੇ ਹੱਕ ਵਿਚ ਫੈਸਲਾ ਕਰ ਲੈਣ ਤਾਂ ਉਸ ਕੌਮ ਨੂੰ ਮਾਰ-ਮਾਰ ਕੇ ਆਪਣੇ ਨਾਲ ਜੋੜੀ ਰੱਖਣ ਦੇ ਯਤਨ ਕਰਨਾ ਬਹੁਤ ਵੱਡਾ ਧਰੋਹ ਏ। ਜੇ ਇਕ ਪੂਰੀ ਕੌਮ ਇਹ ਮਹਿਸੂਸ ਕਰੇ ਕਿ ਹੁਣ ਉਹਦਾ ਉਸ ਰਿਆਸਤ ਵਿਚ ਹੋਰ ਗੁਜ਼ਾਰਾ ਕਰਨਾ ਮੁਸ਼ਕਲ ਏ ਤੇ ਇਸ ਮਕਸਦ ਲਈ ਉਹਦੇ ਜਵਾਨ ਵੱਡੀ ਪੱਧਰ ਉਤੇ ਸ਼ਹੀਦੀਆਂ ਦੇਣਾ ਸ਼ੁਰੂ ਕਰ ਦੇਣ ਤਾਂ ਹੋਰ ਕਤਲੋਗਾਰਤ ਕਰਨ ਦੀ ਥਾਂ ਉਸ ਕੌਮ ਨੂੰ ਆਜ਼ਾਦੀ ਦੇ ਦੇਣੀ ਚਾਹੀਦੀ ਏ। ਪਰ ਇਹੋ ਜਿਹੇ ਖੁਲ੍ਹੇ ਖਿਆਲ ਫੌਜੀ ਸਰਕਾਰ ਕੋਲੋਂ ਕਿਥੇ ਜਰੇ ਜਾ ਸਕਦੇ ਸਨ। ਜਦ ਬੰਗਾਲੀਆਂ ਨੂੰ ਆਜ਼ਾਦੀ ਮੰਗਣ ਦੇ ਜ਼ੁਰਮ ਵਿਚ ਫੌਜੀ ਦਲਾਂ ਕੋਲੋਂ ਮਰਵਾਇਆ ਗਿਆ ਤਾਂ ਇਨਸਾਨੀ ਹੱਕਾਂ ਦਾ ਇਹ ਪਹਿਰੇਦਾਰ ਕਵੀ ਚੀਕ ਉਠਿਆ। ਬੰਗਾਲੀਆਂ ਉਤੇ ਫੌਜੀ ਚੜ੍ਹਾਈ ਦੇ ਖਿਲਾਫ ਲਿਖੀ ਗਈ ਇਕ ਕਵਿਤਾ ਕਾਰਨ ਹਬੀਬ ਜਾਲਬ ਨੂੰ ਲੰਬੇ ਚਿਰ ਲਈ ਸਲਾਖਾਂ ਪਿਛੇ ਰਹਿਣਾ ਪਿਆ। ਚਾਰ ਮਿਸਰਿਆਂ ਦੀ ਉਹ ਪ੍ਰਸਿੱਧ ਕਵਿਤਾ ਇਹ ਸੀ–

**ਮੁਹਬਤ ਗੋਲੀਆਂ ਨਾਲ, ਬੋ ਰਹੇ ਓ**
**ਮੁਖ ਦੇਸ਼ ਦਾ ਖ਼ੂਨ ਨਾਲ, ਧੋ ਰਹੇ ਓ**
**ਤੁਹਾਡਾ ਖਿਆਲ ਏ, ਰੱਸਤਾ ਕਟ ਰਿਹਾ ਏ**
**ਪੱਕ ਏ ਮੈਨੂੰ, ਤੁਸੀਂ ਮੰਜ਼ਲ ਖੋ ਰਹੇ ਓ।**

ਬੰਗਾਲੀਆਂ ਦੇ ਹੱਕ ਵਿਚ ਨਜ਼ਮਾਂ ਲਿਖਣ ਉਤੇ ਜਾਲਬ ਤੋਂ ਵੱਖ ਪੰਜਾਬੀ ਕਵੀ ਅਹਿਮਦ ਸਲੀਮ ਵੀ ਗ੍ਰਿਫ਼ਤਾਰ ਹੋ ਗਿਆ ਤੇ ਉਹਦੀ ਕਵਿਤਾ ਛਾਪਣ ਵਾਲੇ ਮਾਸਕ ਪੰਜਾਬੀ ਪੱਤਰ 'ਲਹਿਰਾਂ' ਦੇ ਖਿਲਾਫ਼ ਵੀ ਕਾਰਵਾਈ ਕੀਤੀ ਗਈ। ਇਸੇ ਦੌਰਾਨ ਈ ਹਿੰਦੁਸਤਾਨ ਤੇ ਪਾਕਿਸਤਾਨ ਦੀ



ਜੰਗ ਛਿੜ ਗਈ ਤੇ ਹਬੀਬ ਜਾਲਬ ਨੇ ਦੂਜੇ ਜਜ਼ਬਾਤੀ ਕਵੀਆਂ ਵਾਂਗ ਜੰਗੀ ਗੀਤ ਲਿਖ ਕੇ ਜੰਗ ਦੇ ਪਾਗਲਪਨ ਨੂੰ ਹੋਰ ਵਧਾਉਣ ਦੀ ਥਾਂ ਇਸ ਜੰਗ ਦੀ ਸਖ਼ਤ ਮੁਖਾਲਫਤ ਕੀਤੀ ਤੇ ਇਸ ਜੰਗ ਨੂੰ ਅਮਰੀਕਾ ਦੀ ਇਕ ਸਾਜ਼ਿਸ਼ ਕਿਹਾ –

**ਅਮਰੀਕਾ ਦੇ ਏਜੰਟਾਂ ਤੋਂ, ਮੁਲਕ ਬਚਾਨਾ ਏ ਅਸਾਂ**
**ਗਲੀ ਗਲੀ ਵਿਚ ਆਜ਼ਾਦੀ ਦਾ, ਦੀਵਾ ਜਲਾਨਾ ਏ ਅਸਾਂ**
**ਬੇੜਾ ਗਰਕ ਕਰ ਦੇ ਮਿੱਤਰਾ, ਇਸ ਅਮਰੀਕੀ ਬੇੜੇ ਦਾ**
**ਹਿੰਦ ਸਾਗਰ ਵਿਚ ਇਕ, ਤੂਫ਼ਾਨ ਉਠਾਨਾ ਏ ਅਸਾਂ**
**ਜ਼ੁਲਮ ਦੀ ਰਾਤ ਰਹੇਗੀ ਕਦ ਤੱਕ, ਹੋਣਾ ਸਵੇਰਾ ਏ**
**ਹਿੰਦੁਸਤਾਨ ਵੀ ਮੇਰਾ ਏ, ਤੇ ਪਾਕਿਸਤਾਨ ਵੀ ਮੇਰਾ ਏ।**

ਯਹੀਆ ਖਾਨ ਤੋਂ ਮਗਰੋਂ ਜ਼ੁਲਫਕਾਰ ਅਲੀ ਭੁੱਟੋ ਪਾਕਿਸਤਾਨ ਦਾ ਹਾਕਮ ਬਣਿਆ। ਉਹ ਇਕ ਖੁਲ੍ਹੇ ਵਿਚਾਰਾਂ ਵਾਲਾ ਵਿਅਕਤੀ ਸੀ। ਭੁੱਟੋ ਨੇ ਅਯੂਬ ਖਾਨ ਦੀ ਕੈਬਨਿਟ ਤੋਂ ਅਸਤੀਫਾ ਦਿੱਤਾ ਤਾਂ ਜਾਲਬ ਹੋਰਾਂ ਉਹਦੀ ਸ਼ਲਾਘਾ ਵਿਚ ਇਕ ਕਵਿਤਾ ਲਿਖੀ। ਭੁੱਟੋ ਨੇ ਉਹਨਾਂ ਨਾਲ ਮਿਲਣ ਦੀ ਰੀਝ ਵਿਖਾਈ ਪਰ ਜਾਲਬ ਸਾਹਿਬ ਉਹਨੂੰ ਮਿਲਣ ਲਈ ਨਾ ਗਏ। ਮਾਲ ਰੋਡ ਲਾਹੌਰ ਉਤੇਂ 'ਪਾਕਿ ਟੀ ਹਾਊਸ' ਏ, ਇਥੇ ਹਰ ਸ਼ਾਮ ਨੂੰ ਲਾਹੌਰ ਤੇ ਪੰਜਾਬ ਦੇ ਦੂਜੇ ਸ਼ਹਿਰਾਂ ਤੋਂ ਆਏ ਕਵੀ ਤੇ ਲੇਖਕ ਮਿਲ ਬੈਠਦੇ ਨੇ। ਵੰਡ ਤੋਂ ਪਹਿਲਾਂ ਇਹਦਾ ਨਾਂ 'ਇੰਡੀਅਨ ਟੀ ਹਾਊਸ' ਸੀ। ਇਕ ਸ਼ਾਮ ਭੁੱਟੋ ਆਪ ਕਵੀਆਂ ਦੇ ਇਸ ਚਾਹ-ਖਾਨੇ ਵਿਚ ਆ ਗਏ ਤੇ ਜਾਲਬ ਹੋਰਾਂ ਨੂੰ ਮਿਲੇ। ਇੰਜ ਦੋਹਾਂ ਦੀ ਯਾਰੀ ਹੋ ਗਈ। ਪਰ ਜਦ ਪੀਪਲਜ਼ ਪਾਰਟੀ ਵੱਲੋਂ ਚੋਣਾਂ ਜਿੱਤਣ ਮਗਰੋਂ ਜ਼ੁਲਫਕਾਰ ਅਲੀ ਭੁੱਟੋ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਿਆ ਤਾਂ ਉਹ ਵੀ ਵੱਡੀ ਹੰਕਾਰੀ ਸਾਬਤ ਹੋਇਆ। ਪਾਕਿਸਤਾਨ ਦੇ ਅੰਦਰਲੇ ਮਾਮਲੇ ਤਾਂ ਉਹਦੇ ਕੋਲੋਂ ਹੱਲ ਨਹੀਂ ਸਨ ਹੁੰਦੇ ਉਹ ਆਪਣੇ ਆਪ ਨੂੰ ਵਿਸ਼ਵ ਪੱਧਰ ਦਾ ਵੱਡਾ ਲੀਡਰ ਬਨਾਉਣ ਦੇ ਚੱਕਰਾਂ ਵਿਚ ਪੈ ਗਿਆ। ਉਹਨੇ ਆਪਣੇ ਲਈ ਆਪ ਈ 'ਫਖਰੇ ਏਸ਼ੀਆ' ਏਸ਼ੀਆ ਦਾ ਮਾਣ ਤਰਾਣ ਦਾ ਖਿਤਾਬ ਅਖਤਿਆਰ ਕਰ ਲਿਆ ਤਾਂ ਜਾਲਬ ਨੂੰ ਇਹ ਛਛੋਰੀ ਹਰਕਤ ਉੱਕਾ ਪਸੰਦ ਨਾ ਆਈ ਇਸ ਲਈ ਉਹਨਾਂ ਭੁੱਟੋ ਨੂੰ ਖੁਦੀ ਹੰਕਾਰ ਤੋਂ ਬਚਣ ਦੀ ਮੱਤ ਦੇਣ ਲਈ ਇਕ ਕਵਿਤਾ ਲਿਖੀ ਜਿਹਦਾ ਇਕ ਮਿਸਰਾ ਸੀ –

ਝੂਠ ਹੈ, ਖੁਸ਼ਾਮਦ ਹੈ, 'ਫਖਰੇ ਏਸ਼ੀਆ' ਕਹਿਣਾ।

ਅਯੂਬ ਖਾਨ ਤੋਂ ਮਗਰੋਂ ਜਿਸ ਹਾਕਮ ਦੇ ਦੌਰ ਵਿਚ ਹਬੀਬ ਜਾਲਬ ਨੂੰ ਸਭ ਤੋਂ ਵੱਧ ਤਸੀਹੇ ਦਿੱਤੇ ਗਏ ਉਹ ਜਨਰਲ ਜ਼ਿਆ ਦਾ ਜ਼ਮਾਨਾ ਈ ਸੀ। ਜਨਰਲ ਜ਼ਿਆ ਨੇ ਆਪਣੇ ਸਿਆਸੀ ਮੁਖਾਲਫ਼ਾਂ ਨੂੰ ਕੋੜੇ ਮਾਰਨ ਤੇ ਫਾਹੇ ਲਾਉਣ ਦੀਆਂ ਸਜ਼ਾਵਾਂ ਸ਼ੁਰੂ ਕੀਤੀਆਂ ਤਾਂ ਪੂਰੇ ਦੇਸ਼ ਵਿਚ ਖੌਫ ਫੈਲ ਗਿਆ। ਪਰ ਹਬੀਬ ਜਾਲਬ ਨੂੰ ਠੱਲ੍ਹ ਪਾਉਣੀ ਜਨਰਲ ਜ਼ਿਆ ਲਈ ਵੀ ਔਖਾ ਕਾਰਜ ਹੋ ਗਿਆ। ਜਾਲਬ ਰੋਜ਼ ਮਾਲ ਰੋਡ ਲਾਹੌਰ ਉੱਤੇ ਆ ਖਲੋਂਦਾ ਤੇ ਉਹਨੂੰ ਵੇਖਦੇ ਸਾਰ ਈ ਪਲ ਵਿਚ ਸੈਂਕੜੇ ਦਰਦਾਂ ਪੀੜੇ ਲੋਕ ਇਕੱਠੇ ਹੋ ਜਾਂਦੇ ਤੇ ਉਹ ਉਨ੍ਹਾਂ ਨੂੰ ਫੌਜੀ ਸਰਕਾਰ ਦੇ ਖਿਲਾਫ ਲਿਖੀਆਂ ਆਪਣੀਆਂ ਇਹੋ ਜਿਹੀਆਂ ਕਵਿਤਾਵਾਂ ਸੁਣਾਉਂਦਾ –

**ਪੱਗਾਂ ਆਪਣੇ ਗਲ ਵਿਚ ਪਾ ਲਓ**
**ਤੁਰੋ ਪੇਟ ਦੇ ਭਾਰ**
**ਚੜ੍ਹ ਜਾਏ ਤੇ ਮੁਸ਼ਕਲ ਲਹਿੰਦੀ**
**ਬੂਟਾਂ ਵਾਲੀ ਸਰਕਾਰ**

ਜਨਰਲ ਜ਼ਿਆ ਦੇ ਕੱਟੜਪੰਥੀ ਦਲਾਂ ਨੂੰ ਬਹੁਤ ਤਕੜਿਆਂ ਕਰ ਦਿੱਤਾ ਤਾਂ ਦੇਸ਼ ਦੇ ਵਸਨੀਕਾਂ ਦਾ ਸਾਹ ਹੋਰ ਔਖਾ ਹੋ ਗਿਆ। ਜਾਗੀਰਦਾਰਾਂ ਤੇ ਸਨਅਤਕਾਰਾਂ ਦੇ ਖਰੀਦੇ ਹੋਏ ਮੌਲਾਣੇ ਲੋਕਾਈ ਦੇ ਹੱਕਾਂ ਦੇ ਖਿਲਾਫ਼ ਫਤਵੇ ਦੇਣ ਲੱਗ ਪਏ ਤਾਂ ਜਾਲਬ ਨੇ ਲਿਖਿਆ–

**ਬਹੁਤ ਸੁਣੀ ਏ ਮੈਂ ਤੇਰੀ, ਤਕਰੀਰ ਮੌਲਾਨਾ**
**ਪਰ ਨਹੀਂ ਬਦਲੀ ਮੇਰੀ, ਤਕਦੀਰ ਮੌਲਾਨਾ**
**ਜ਼ਮੀਨਾਂ ਹੋਣ ਵਡੇਰਿਆਂ ਦੀਆਂ, ਮਸ਼ੀਨਾਂ ਹੋਣ ਲੁਟੇਰਿਆਂ ਦੀਆਂ**
**ਰੱਬ ਨੇ ਲਿਖ ਦਿੱਤੀ ਏ ਤੈਨੂੰ, ਤਹਿਰੀਰ ਮੌਲਾਨਾ**

ਜਨਰਲ ਜ਼ਿਆ ਨੇ ਹਬੀਬ ਜਾਲਬ ਨੂੰ ਗ੍ਰਿਫ਼ਤਾਰ ਕਰਵਾ ਕੇ ਲਾਹੌਰ ਦੀ ਕੋਟਲਖਪਤ ਜੇਲ੍ਹ ਵਿਚ ਭੇਜ ਦਿੱਤਾ। ਇਸ ਜੇਲ੍ਹ ਵਿਚ ਉਸ ਵੇਲੇ ਸੈਂਕੜੇ ਸਿਆਸੀ ਕੈਦੀਆਂ ਨੂੰ ਡੱਕਿਆ ਗਿਆ ਸੀ। ਇਨ੍ਹਾਂ ਸਿਆਸੀ ਕੈਦੀਆਂ ਨੂੰ ਡਰਾ ਧਮਕਾ ਕੇ ਤੇ ਤਸੀਹੇ ਦੇ-ਦੇ ਕੇ ਸਰਕਾਰ ਕੋਲੋਂ ਮੁਆਫ਼ੀ ਮੰਗਣ ਲਈ ਮਜਬੂਰ ਕੀਤਾ ਜਾਂਦਾ ਸੀ। ਜਾਲਬ ਨੂੰ ਵੀ ਮੁਆਫ਼ੀ ਮੰਗਣ ਲਈ ਆਖਿਆ ਗਿਆ। ਜਾਲਬ ਹੋਰਾਂ ਇਕ ਕਵਿਤਾ ਰਾਹੀਂ ਉਤਰ ਦਿੱਤਾ ਕਿ ਇਕ ਜ਼ਾਲਮ ਕੋਲੋਂ ਮੁਆਫ਼ੀ ਮੰਗ ਕੇ ਸਾਰੇ ਜਗਤ ਲਈ ਹਾਸਾ ਬਣਨ ਨਾਲੋਂ ਮਰ ਜਾਣਾ ਬਹੁਤ ਚੰਗਾ ਏ–

**ਦੋਸਤੋ ਜਗ ਹਸਾਈ ਨਾ ਮੰਗੋ**
**ਮੌਤ ਮੰਗੋ ਰਿਹਾਈ ਨਾ ਮੰਗੋ**

ਜਨਰਲ ਜ਼ਿਆ ਦੇ ਹਵਾਈ ਹਾਦਸੇ ਵਿਚ ਹਲਾਕ ਹੋਣ ਮਗਰੋਂ ਹੋਈਆਂ ਹਿੰਸਕ ਚੋਣਾਂ ਵਿਚ ਪੀਪਲਜ਼ ਪਾਰਟੀ ਨੂੰ ਜਿੱਤ ਪ੍ਰਾਪਤ ਹੋਈ ਤਾਂ ਬੇਨਜ਼ੀਰ ਨੂੰ ਪਾਕਿਸਤਾਨ ਦੀ ਪਹਿਲੀ ਔਰਤ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਲੱਭ ਗਿਆ। ਬੇਨਜ਼ੀਰ ਭੁੱਟੋ ਦੇ ਦਿਲ ਵਿਚ ਹਬੀਬ ਜਾਲਬ ਲਈ ਬਹੁਤ ਆਦਰ ਸੀ ਅਤੇ ਜਾਲਬ ਵੀ ਉਹਨੂੰ ਲੋਕਾਈ ਵੱਲੋਂ ਠੀਕ ਤੌਰ 'ਤੇ ਚੁਣੀ ਹੋਈ ਪ੍ਰਧਾਨ ਮੰਤਰੀ ਸਮਝਦਾ ਸੀ। ਇਸ ਲਈ ਸਿਆਸੀ ਪੜਚੋਲੀਆਂ ਦਾ ਖਿਆਲ ਸੀ ਕਿ ਪਾਕਿਸਤਾਨ ਵਿਚ ਪਹਿਲੀ ਵਾਰ ਇਕ ਅਜਿਹੀ ਹਕੂਮਤ ਬਣੀ ਏ ਜਿਹਦੇ ਨਾਲ ਹਬੀਬ ਜਾਲਬ ਦਾ ਕੋਈ ਝੇੜਾ ਨਹੀਂ ਪੈਦਾ ਹੋਏਗਾ। ਪਰ ਜਦ


ਬੇਨਜ਼ੀਰ ਸਰਕਾਰ ਦੀਆਂ ਨੀਤੀਆਂ ਉੱਤੇ ਅਮਰੀਕਾ ਦੇ ਅੱਗੇ ਤੋਂ ਵੀ ਵੱਧ ਕੇ ਗੂੜ੍ਹੇ ਪ੍ਰਭਾਵ ਨਜ਼ਰ ਆਉਣੇ ਸ਼ੁਰੂ ਹੋ ਗਏ ਤਾਂ ਮਾਂ ਧਰਤੀ ਤੇ ਉਹਦੇ ਵਸਨੀਕਾਂ ਨਾਲ ਦਿਲੋਂ ਪਿਆਰ ਕਰਨ ਵਾਲਾ ਤੇ ਕਦੇ ਆਪਣੀ ਜਾਤੀ ਦੋਸਤੀ ਨੂੰ ਲੋਕ ਭਲਾਈ ਤੋਂ ਵੱਧ ਮਹੱਤਤਾ ਨਾ ਦੇਣ ਵਾਲਾ ਹਬੀਬ ਜਾਲਬ ਇਕ ਵਾਰ ਫੇਰ ਕੁਰਲਾ ਉਠਿਆ। ਉਹਨੇ 'ਕੁੜੇ' ਦੇ ਸਰਨਾਵੇਂ ਨਾਲ ਇਕ ਕਵਿਤਾ ਲਿਖੀ ਜਿਹਦੇ ਰਾਹੀਂ ਉਹਨੇ ਬੇਨਜ਼ੀਰ ਨੂੰ ਉਹਦੇ ਬਾਪ ਵਾਂਗ ਮੱਤਾਂ ਦਿੰਦਿਆਂ ਆਖਿਆ –

**ਨਾ ਜਾ ਅਮਰੀਕਾ ਨਾਲ ਕੁੜੇ**
**ਇਹ ਗੱਲ ਨਾ ਦੇਵੀਂ ਟਾਲ ਕੁੜੇ**
**ਇਹਨੇ ਕਤਲ ਆਜ਼ਾਦੀ ਨੂੰ ਕੀਤਾ**
**ਇਹਨੇ ਇਸ ਧਰਤੀ ਦਾ ਲਹੂ ਪੀਤਾ**
**ਇਹ ਰੂਸ ਦੇ ਨਾਲ, ਲੜਾਉਂਦਾ ਏ**
**ਇਵੇਂ ਲੋਕਾਂ ਨੂੰ, ਮਰਾਉਂਦਾ ਏ**
**ਸਾਨੂੰ ਤੇਰਾ ਬੜਾ, ਖਿਆਲ ਕੁੜੇ**
**ਨਾ ਜਾ ਅਮਰੀਕਾ ਨਾ ਕੁੜੇ**

ਹਬੀਬ ਜਾਲਬ ਸਮਝਦੇ ਸਨ ਕਿ ਸਮੁੱਚੀ ਪੰਜਾਬੀ ਕੌਮ ਦੀ ਭਲਾਈ ਲਈ ਲਹਿੰਦੇ ਪੰਜਾਬ ਦੇ 8 ਕਰੋੜ ਪੰਜਾਬੀਆਂ ਵਿਚ ਜਾਗਿਰਤੀ ਪੈਦਾ ਹੋਣਾ ਬਹੁਤ ਜ਼ਰੂਰੀ ਏ। ਇਸ ਲਈ ਉਨ੍ਹਾਂ 'ਜਾਗ ਮਿਰੇ ਪੰਜਾਬ' ਦੇ ਸਰਨਾਵੇਂ ਨਾਲ ਇਕ ਲੰਬੀ ਕਵਿਤਾ ਲਿਖ ਕੇ ਇਥੋਂ ਦੇ ਪੰਜਾਬੀਆਂ ਨੂੰ ਪਾਕਿਸਤਾਨ ਦੇ ਦੂਜੇ ਸੂਬਿਆਂ ਵਿਚ ਰਹਿੰਦੇ ਪੰਜਾਬੀਆਂ ਤੇ ਬਾਕੀ ਸਾਰੀ ਦੁਨੀਆਂ ਵਿਚ ਰਹਿੰਦੇ ਪੰਜਾਬੀਆਂ ਦੀ ਸਹਾਇਤਾ ਲਈ ਜ਼ਬਰਦਸਤ ਹਲੂਣਾ ਦਿੱਤਾ –

**ਜਾਗ ਮਿਰੇ ਪੰਜਾਬ ਕਿ ਪਾਕਿਸਤਾਨ ਗਿਆ**
**ਟੁੱਟ ਗਏ ਸਾਰੇ ਖ਼ਾਬ ਕਿ ਪਾਕਿਸਤਾਨ ਗਿਆ**
**ਅੱਗ ਦੀ ਬਾਰਸ਼ ਨਾਲ ਏ ਗੁਲਸ਼ਨ ਧੂੰਆਂ ਧੂੰਆਂ**
**ਕਲੀਆਂ ਦੀ ਮਹਿਕਾਰ ਲੁਟੀ ਆਇਆ ਕੇਹਾ ਸਮਾਂ**
**ਦੁਖੀ ਗ਼ਜ਼ਲਾਂ ਤੇ ਰੋਂਦੇ ਪਏ ਅਫ਼ਸਾਨੇ**
**ਦੂਰ ਦੂਰ ਤੱਕ ਖਿਲਰੇ ਹੋਣ ਵਿਰਾਨੇ**

ਆਪਣੀ ਸਾਰੀ ਜ਼ਿੰਦਗੀ ਫੌਜੀ ਡਿਕਟੇਟਰਾਂ ਤੇ ਜ਼ਾਲਮ ਹਾਕਮਾਂ ਦੇ ਖਿਲਾਫ਼ ਲੰਬਾ ਯੁੱਧ ਕਰਨ ਵਾਲੇ ਇਸ ਜੁਝਾਰੂ ਕਵੀ ਨੇ ਅਖੀਰੀ ਜੰਗ ਆਪਣੀਆਂ ਬਿਮਾਰੀਆਂ ਦੇ ਵਿਰੁਧ ਲੜੀ। ਸ਼ਕਰ ਰੋਗ ਪਿਛਲੇ 20 ਸਾਲਾਂ ਤੋਂ ਹਬੀਬ ਜਾਲਬ ਦੀਆਂ ਹੱਡੀਆਂ ਖੋਰ ਰਿਹਾ ਸੀ, ਲੰਬੀਆਂ ਜੇਲ੍ਹਾਂ ਕੱਟਣ ਮਗਰੋਂ ਟੀ.ਬੀ. ਵੀ ਹੋ ਗਈ ਸੀ ਤੇ ਉਹਨਾਂ ਦੇ ਫੇਫੜੇ ਬਹੁਤ ਹੱਦ ਤੱਕ ਤਬਾਹ ਹੋ ਗਏ ਸਨ। ਪਾਕਿਸਤਾਨ ਵਿਚ ਸ਼ਰਾਬ ਉਤੇ ਪਾਬੰਦੀ ਹੋਣ ਦੇ ਬਾਵਜੂਦ ਉਨ੍ਹਾਂ ਸ਼ਰਾਬ ਪੀਣੀ ਨਾ ਛੱਡੀ ਜਿਹਦੇ ਕਾਰਨ ਉਨ੍ਹਾਂ ਦੇ ਜਿਗਰ ਵਿਚ ਵੀ ਖਰਾਬੀ ਪੈਦਾ ਹੋ ਗਈ ਸੀ। ਕੁਝ ਚਿਰ ਪਹਿਲਾਂ ਉਨ੍ਹਾਂ ਨੂੰ ਬਹੁਤ ਮੰਦੀ ਹਾਲਤ ਵਿਚ ਲਾਹੌਰ ਦੇ ਸ਼ੇਖ ਜ਼ੈਦ ਹਸਪਤਾਲ ਵਿਚ ਦਾਖਲ ਕਰਾਇਆ ਗਿਆ। ਉਨ੍ਹਾਂ ਦਾ ਮੁਕੰਮਲ ਚੈਕਅੱਪ ਕਰਨ ਮਗਰੋਂ ਡਾਕਟਰਾਂ ਦਸ ਦਿੱਤਾ ਸੀ ਕਿ ਹੁਣ ਉਨ੍ਹਾਂ ਦੇ ਬਚਣ ਦੀ ਕੋਈ ਆਸ ਨਹੀਂ ਰਹੀ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਸਰਕਾਰੀ ਖਰਚੇ ਉੱਤੇ ਉਨ੍ਹਾਂ ਨੂੰ ਯੂਰਪ ਇਲਾਜ ਕਰਵਾਉਣ ਲਈ ਭੇਜਣ ਦੀ ਪੇਸ਼ਕਸ਼ ਕੀਤੀ ਪਰ ਹਬੀਬ ਜਾਲਬ ਹੋਰਾਂ ਉਹਨੂੰ ਕਬੂਲਣ ਤੋਂ



ਸਾਫ਼ ਇਨਕਾਰ ਕਰ ਦਿੱਤਾ।

ਮੌਤ ਨਾਲ ਆਖਰੀ ਸਾਹਵਾਂ ਤੱਕ ਲੜਨ ਵਾਲੇ ਇਸ ਬਹਾਦਰ ਕਵੀ ਨੂੰ ਆਪਣੀ ਜਾਨ ਤੋਂ ਵੀ ਵੱਧ ਉਨ੍ਹਾਂ ਪੰਜਾਬੀਆਂ ਦੀ ਭਲਕ ਦੀ ਚਿੰਤਾ ਸੀ ਜਿਨ੍ਹਾਂ ਨੂੰ ਸਦਾ ਆਪਣਾ ਅਸਲਾ ਪਿਛਾਨਣ ਦੀ ਚਿਤਾਵਨੀ ਕਰਾਉਂਦਾ ਰਿਹਾ ਤੇ ਸਾਂਝੀ ਪੰਜਾਬੀਅਤ ਦੇ ਪਾਠ ਪੜ੍ਹਾਉਂਦਾ ਰਿਹਾ। ਮੌਤ ਦੀ ਸੇਜ਼ ਉਤੇ ਲੇਟੇ ਹਬੀਬ ਜਾਲਬ ਦੇ ਮੂੰਹੋਂ ਆਖਰੀ ਵੇਲੇ ਜੋ ਕਵਿਤਾਵਾਂ ਸੁਣੀਆਂ ਗਈਆਂ ਉਨ੍ਹਾਂ ਵਿਚ ਵੀ ਉਹ ਪੰਜਾਬੀਆਂ ਦਾ ਹੌਂਸਲਾ ਵਧਾਉਂਦਾ, ਆਸ ਦੀਆਂ ਰਿਸ਼ਮਾਂ ਵਿਖਾਉਂਦਾ ਤੇ ਸਾਂਝ ਪਿਆਰ ਦੇ ਦੀਵੇ ਬਾਲਦਾ ਈ ਦਿਸਦਾ ਸੀ। ਉਹ ਵੇਖਣ ਤੇ ਸੁਣਨ ਵਾਲਿਆਂ ਨੂੰ ਆਪਣੀਆਂ ਅੱਖਾਂ ਤੇ ਕੰਨਾਂ ਉੱਤੇ ਯਕੀਨ ਨਹੀਂ ਸੀ ਆਉਂਦਾ ਕਿ ਇਹ ਸ਼ੇਅਰ ਇਕ ਮਰ ਰਹੇ ਵਿਅਕਤੀ ਦੇ ਮੂੰਹੋਂ ਈ ਨਿਕਲ ਰਹੇ ਨੇ–


**ਅਖੀਰੀ ਰਾਤ ਏ, ਸਿਰ ਨਾ ਝੁਕਾਉਣਾ ਲੋਕੋ**
**ਸ਼ਮਾਂ ਸਾਂਝ ਪਿਆਰ ਦੀ ਬਲ ਪਈ ਏ**
**ਇਹਨੂੰ ਨਾ ਬੁਝਾਉਣਾ ਲੋਕੋ !!**

ਪਾਕਿਸਤਾਨ ਤੋਂ ਉੱਜੜ ਕੇ ਇਕ ਹੋਰ ਅਮੀਰ ਵਿਰਸੇ ਦੇ ਲੁਬਾਣਾ ਸਿੱਖਾਂ ਨੇ ਪਰਮ ਮਹਾਂਪੁਰਸ਼, ਬੇਦਾਗ, ਰਾਜਨੀਤਕ, ਸਮਾਜ ਸੁਧਾਰਕ, ਵਿਦਿਆ ਦੇ ਚਾਨਣ ਮੁਨਾਰੇ ਅਤੇ ਸਿੱਖ ਪੰਥ ਦੇ ਅਸਮੇਧ ਰਤਨ ਸੰਤ ਪ੍ਰੇਮ ਸਿੰਘ ਜੀ (ਮੁਰਾਲੇ ਵਾਲਿਆਂ) ਦੀ ਰਹਿਨੁਮਾਈ ਹੇਠ ਇਸ ਪਿੰਡ ਵਿਚ ਆਣ ਡੇਰੇ ਲਾਏ। ਪਠਾਨਾਂ ਤੋਂ ਲੁਬਾਣਾ ਤੱਕ ਦੇ ਪ੍ਰੀਵਰਤਨ ਵਿਚ ਮੌਤ ਦਾ ਤਾਂਡਵ ਨਾਚ ਵੀ ਹੋਇਆ। ਦੋਹਾਂ ਹੀ ਬਹਾਦਰ ਕੌਮਾਂ ਦੀਆਂ ਸ਼ਮਸ਼ੀਰਾਂ ਖੜਕੀਆਂ ਅਤੇ ਜ਼ੋਰ ਅਜ਼ਮਾਈ ਦੇ ਕਈ ਕਿੱਸੇ ਅੱਜ ਵੀ ਪੁਰਾਣੇ ਬਜ਼ੁਰਗਾਂ ਦੀਆਂ ਥਿੜਕਦੀਆਂ ਜ਼ੁਬਾਨਾਂ ਤੋਂ ਸੁਣੇ ਜਾ ਸਕਦੇ ਹਨ। ਇਤਫ਼ਾਕ ਹੀ ਸਮਝਣਾ ਪਵੇਗਾ ਕਿ ਇਸ ਪਿੰਡ ਵਿਚ ਕੋਈ ਨਾ ਕੋਈ ਐਸੀ ਸਖ਼ਸ਼ੀਅਤ ਹਰ ਵੇਲੇ ਮੌਜੂਦ ਰਹੀ ਹੈ ਜਿਸ ਕਰਕੇ ਇਹ ਪਿੰਡ ਨਿਰਵਿਘਨ ਤਰੱਕੀ ਕਰਦਾ ਰਿਹਾ ਹੈ। ਚੌਧਰੀ ਲੱਖੀ ਸਿੰਘ ਜਿਹੜੇ ਸੰਤ ਪ੍ਰੇਮ ਸਿੰਘ ਜੀ ਦੇ ਸ਼ਰਧਾਲੂ ਸਨ ਅਤੇ ਸੰਤਾਂ ਦੇ ਨਿਕਟਵਰਤੀਆਂ ਵਿਚੋਂ ਇਕ ਸਨ ਦਾ ਜ਼ਿਕਰ ਆਉਂਦੇ ਸਮੇਂ ਵਿਚ ਵਿਸਥਾਰ ਨਾਲ ਕੀਤਾ ਜਾਵੇਗਾ।

ਨਸ਼ਿਆਂ ਦੇ ਵਧਦੇ ਰੁਝਾਨ ਨੂੰ ਰੋਕਣ ਦੇ ਪ੍ਰਸੰਗ ਵਿਚ

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼

ਡਾ. ਗੁਲਜ਼ਾਰ ਸਿੰਘ ਜ਼ਹੂਰਾ



ਅਜੋਕੇ ਸਮੇਂ ਵਿਚ ਵਿਸ਼ਵ ਦੇ ਜਿੰਨੇ ਵੀ ਮਸਲੇ ਹਨ ਭਾਵੇਂ ਉਹ ਆਰਥਿਕ ਲੁੱਟ-ਖਸੁੱਟ ਦਾ ਹੈ, ਧੰਧੈ ਧਾਵਣੀ ਦੀ ਦੌੜ ਕਰਕੇ ਮਾਨਸਿਕ ਤਣਾਅ ਦਾ ਹੈ, ਧਾਰਮਿਕ ਗਿਰਾਵਟ ਤੇ ਕੱਟੜਵਾਦ ਦਾ ਹੈ, ਅੰਧ-ਵਿਸ਼ਵਾਸ ਦਾ ਹੈ, ਕੁਦਰਤੀ ਸਾਧਨਾਂ ਤੇ ਵਸੀਲਿਆਂ ਦੀ ਲੁੱਟ-ਚੁੰਘ ਰਾਹੀਂ ਵਾਤਾਵਰਣ ਦੇ ਗੰਧਲੇਪਨ ਦਾ ਹੈ, ਨਸਲੀ-ਭਾਸ਼ਾਈ ਵਿਤਕਰਿਆਂ ਦਾ ਹੈ, ਸਮਾਜਿਕ ਬੁਰਾਈਆਂ ਵਿਚ ਭਰੂਣ-ਹੱਤਿਆ, ਏਡਜ਼ ਦੀ ਮਹਾਂਮਾਰੀ ਜਾਂ ਨਸ਼ਿਆਂ ਰਾਹੀਂ ਮਾਨਵੀ ਇੱਜ਼ਤ ਪਤ ਦੀ ਬਰਬਾਦੀ ਦਾ ਹੈ। ਇਹ ਸਾਰੇ ਪੂੰਜੀਵਾਦੀ-ਪਦਾਰਥਕ ਜੀਵਨ ਦੇ ਮਸਲੇ ਹਨ। ਇਨ੍ਹਾਂ ਸਾਰੇ ਅਤੇ ਭਵਿੱਖ ਵਿਚ ਪੈਦਾ ਹੋਣ ਵਾਲੇ ਮਸਲਿਆਂ ਦਾ ਹੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦਰਜ ਹੈ। ਇਨ੍ਹਾਂ ਸਾਰੇ ਮਸਲਿਆਂ ਬਾਰੇ ਚਰਚਾ ਕਰਨਾ ਮੇਰੇ ਲੇਖ ਦੀ ਸੀਮਾ ਵਿਚ ਨਹੀਂ ਆਉਂਦਾ। ਮੈਂ ਸਿਰਫ਼ ਅਜੋਕੇ ਪ੍ਰਸੰਗ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਰੋਕਣ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ ਦੀ ਗੱਲ ਕਰਾਂਗਾ। ਇਸ ਤੋਂ ਪਹਿਲਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦੇਸ਼ ਦੀ ਗੱਲ ਕਰੀਏ ਸਾਨੂੰ ਇਕ ਝਾਤ ਨਸ਼ਿਆਂ ਦੇ ਵਧੇ ਰੁਝਾਨ ਵੱਲ ਮਾਰ ਲੈਣੀ ਚਾਹੀਦੀ ਹੈ।

ਕੋਈ ਸਮਾਂ ਹੁੰਦਾ ਸੀ ਕਿ ਸ਼ਰਾਬ, ਅਫੀਮ, ਤੰਬਾਕੂ ਤੇ ਭੰਗ ਵਰਗੇ ਦੇਸੀ ਨਸ਼ੇ ਚਲਦੇ ਸਨ। ਇਹ ਵੀ ਜੋ ਲੋਕ ਕਰਦੇ ਸਨ ਚੋਰੀ ਛੁਪੇ ਹੀ ਕਰਦੇ ਸਨ ਤੇ ਇਨ੍ਹਾਂ ਦੀ ਗਿਣਤੀ ਸਮਾਜ ਵਿਚ ਆਟੇ ਵਿਚ ਲੂਣ ਦੇ ਬਰਾਬਰ ਸੀ। ਅੱਜ ਤਾਂ ਨਸ਼ਿਆਂ ਦੀ ਗਿਣਤੀ ਏਨੀ ਵਧ ਗਈ ਹੈ ਤੇ ਦੂਜੇ ਇਹ ਏਨੇ ਖ਼ਤਰਨਾਕ ਤੇ ਮਹਿੰਗੇ ਹਨ ਕਿ ਸਿੱਧੀ ਜ਼ਿੰਦਗੀ ਦੀ ਬਰਬਾਦੀ ਹੈ। ਸਿਤਮ-ਦਰ-ਸਿਤਮ ਗੱਲ ਇਹ ਹੈ ਕਿ ਇਨ੍ਹਾਂ ਦਾ ਰੁਝਾਨ ਨੌਜੁਆਨ ਪੀੜ੍ਹੀ ਵਿਚ ਵਧਿਆ ਹੈ। ਜਿਸ ਕੌਮ, ਮੁਲਕ ਦੀ ਜੁਆਨੀ ਹੀ ਨਸ਼ਿਆਂ ਵਿਚ ਰੁੜ੍ਹਦੀ ਜਾ ਰਹੀ ਹੋਵੇ, ਉਸ ਤੋਂ ਵੱਡੀ ਚਿੰਤਾ ਦੀ ਬਾਤ ਕੀ ਹੋ ਸਕਦੀ ਹੈ। ਪੰਜਾਬ ਵਿਚ ਜੋ ਨਸ਼ਿਆਂ ਦਾ ਰੁਝਾਣ ਵਧ ਰਿਹਾ ਹੈ ਜਾਂ ਵਧਿਆ ਹੈ, ਇਹ ਇਕ ਗਿਣੀ-ਮਿਥੀ ਸਾਜ਼ਿਸ਼ ਅਧੀਨ ਹੈ ਕਿ ਪੰਜਾਬੀਆਂ ਨੂੰ ਕਮਜ਼ੋਰ ਕਰ ਦਿੱਤਾ ਜਾਵੇ। ਇਸ ਪ੍ਰਤੀ ਸੁਚੇਤ ਹੋਣ ਦੀ ਅਜੋਕੇ ਸੰਦਰਭ ਵਿਚ ਸਭ ਤੋਂ ਵੱਡੀ ਲੋੜ ਹੈ।

ਨਸ਼ਿਆਂ ਦੇ ਵਧੇ ਰੁਝਾਨ ਦੇ ਅੰਕੜੇ ਵੇਖ ਕੇ ਦਿਲ ਦਹਿਲ ਜਾਂਦਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਹੋ ਕੀ ਗਿਆ ਹੈ? ਇਹ 'ਘੋੜੀਆਂ ਘਰ ਸੁਲਤਾਨਾਂ ਤੇ ਮਹੀਆਂ ਘਰ ਵਰਿਆਮਾਂ' ਵਾਲੇ ਸੂਬੇ ਵਿਚ ਦੁੱਧ-ਘਿਓ ਦੀਆਂ ਖੁਰਾਕਾਂ ਖਾਣ ਵਾਲੇ ਲੋਕਾਂ ਨੇ ਨਸ਼ਿਆਂ ਦੇ ਕੁਲਹਿਣੇ ਸ਼ੌਕ ਕਿਉਂ ਪਾਲ਼ ਲਏ ਹਨ? ਜੇਕਰ ਗੱਲ ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬ ਤੋਂ ਬਾਅਦ ਅੰਗਰੇਜ਼ ਹਕੂਮਤ ਵਾਲੇ ਪੰਜਾਬ ਦੀ ਕਰੀਏ ਤਾਂ ੧੮੭੩ ਈ. ਵਿਚ ਅੰਗਰੇਜ਼ ਨੇ ਆਬਕਾਰੀ (Excise) ਮਹਿਕਮਾ ਚਾਲੂ ਕੀਤਾ ਸੀ। ਇਸ ਮਹਿਕਮੇ ਦੇ ਮੁਖੀ ਨੇ ਇਹ ਗਿਲਾ ਕੀਤਾ ਸੀ ਕਿ ਪੰਜਾਬੀ ਹੋਰ ਸੂਬਿਆਂ ਦੇ ਮੁਕਾਬਲੇ ਬਹੁਤ ਹੀ ਘੱਟ ਸ਼ਰਾਬ ਪੀਂਦੇ ਹਨ। ਉਸ ਸਾਲ ਸ਼ਰਾਬ ਦੇ ਠੇਕਿਆਂ ਤੋਂ ੧੦ ਲੱਖ ਰੁਪਏ ਦੀ ਆਮਦਨ ਹੋਈ ਸੀ ਤੇ ਉਹ ਵੀ ਛਾਉਣੀਆਂ ਦੇ ਨੇੜਲੇ ਠੇਕਿਆਂ ਤੋਂ। ਅੰਗਰੇਜ਼ ਚਾਹੁੰਦਾ ਸੀ ਕਿ ਪੰਜਾਬੀਆਂ ਦਾ ਅਸੰਤੁਸ਼ਟ ਵਰਗ ਹਥਿਆਰ ਛੱਡ ਕੇ ਹਲ ਤੇ ਕਹੀ ਵੱਲ ਪਰਤ ਪਵੇ ਤੇ ਸਿੱਖ ਰਾਜ ਦੇ ਖੁੱਸਣ ਦਾ ਦੁੱਖ ਭੁੱਲ ਜਾਵੇ। ਇਸੇ ਉਦੇਸ਼ ਨਾਲ ੧੮੮੨ ਈ: ਵਿਚ ਨਹਿਰ ਸਰਹਿੰਦ ਤੇ ਹੋਰ ਨਹਿਰਾਂ ਕੱਢੀਆਂ ਗਈਆਂ ਸਨ। ਕਿਸਾਨਾਂ ਵਿਚ ਖੁਸ਼ਹਾਲੀ ਆਈ ਤੇ ਇਹ ਇਨ੍ਹਾਂ ਪਾਸੋਂ ਸਾਂਭੀ ਨਾ ਗਈ ਤੇ ਨਸ਼ਿਆਂ ਵਿਚ ਪੈ ਕੇ ਜ਼ਮੀਨਾਂ ਸ਼ਾਹੂਕਾਰਾਂ ਕੋਲ ਗਹਿਣੇ ਪਾਉਣ ਲੱਗੇ। ਭਲਾ ਹੋਵੇ ਸਰ ਛੋਟੂ ਰਾਮ ਦਾ ਜਿਸ ਨੇ ਇਹ ਜ਼ਮੀਨਾਂ ਮੁੜ ਸ਼ਾਹੂਕਾਰਾਂ ਤੋਂ ਛੁਡਵਾ ਕੇ ਕਿਸਾਨਾਂ ਨੂੰ ਦਿੱਤੀਆਂ। ੧੯੪੭ ਈ. ਵਿਚ ਦੇਸ਼ ਅਜ਼ਾਦ ਹੋਇਆ ਤੇ ੧੯੬੬ ਈ. ਵਿਚ ਪੰਜਾਬੀ ਸੂਬਾ ਬਣਿਆ। 'ਹਰੀ ਕ੍ਰਾਂਤੀ' ਤੇ ਬਾਹਰਲੇ ਮੁਲਕਾਂ ਵਿਚ ਪੰਜਾਬੀਆਂ ਦੇ ਜਾਣ ਕਰਕੇ ਖੁਸ਼ਹਾਲੀ ਆਈ। ਇਸ ਨਾਲ ਫਿਰ ਪੰਜਾਬੀ ਨਸ਼ਿਆਂ ਵਾਲੇ



ਪਾਸੇ ਪੈ ਗਏ।

ਜਿਸ ਪੰਜਾਬ ਵਿਚ ਕਦੇ ਪੰਜ ਦਰਿਆ ਵਗਦੇ ਸਨ, ਉਥੇ ਅੱਜ ਛੇਵਾਂ ਦਰਿਆ ਸ਼ਰਾਬ ਦਾ ਵਗ ਰਿਹਾ ਹੈ। ਜਿਹੜਾ ਸੂਬਾ ਕਦੇ ਭਾਰਤ ਦੇ ਸਭ ਸੂਬਿਆਂ ਤੋਂ ਘੱਟ ਸ਼ਰਾਬ ਪੀਂਦਾ ਸੀ, ਉਹ ਅੱਜ ਨੰਬਰ ਇੱਕ ’ਤੇ ਹੈ। ਪੰਜਾਬ ਵਿਚ ਜ਼ਿਲ੍ਹਾ ਲੁਧਿਆਣਾ ਨੰਬਰ ਇਕ ’ਤੇ ਹੈ। ਇਸ ਵਗਦੇ ਨਸ਼ੇ ਦੇ ਦਰਿਆ ਵਿਚ ਰੋਜ਼ ਤਿੰਨ ਜ਼ਿੰਦੜੀਆਂ ਰੁੜ੍ਹ ਜਾਂਦੀਆਂ ਹਨ। ਪਿਛਲੇ ਸਾਲ ਪੰਜਾਬ ਵਿਚ ੯੮੨ ਮੌਤਾਂ ਨਸ਼ਿਆਂ ਕਰਕੇ ਹੋਈਆਂ, ਜਿਨ੍ਹਾਂ ਵਿੱਚੋਂ ੪੧% ਯੂਨੀਵਰਸਿਟੀਆਂ/ਕਾਲਜਾਂ ਦੇ ਵਿਦਿਆਰਥੀ ਸਨ।੧੯੬੬ ਵਿਚ ਪੰਜਾਬ ਸਰਕਾਰ ਨੂੰ ਸ਼ਰਾਬ ਦੇ ਠੇਕਿਆਂ ਤੋਂ ਸਲਾਨਾ ਆਮਦਨ ੧੬ ਕਰੋੜ ਰੁਪਏ ਹੋਈ ਸੀ। ੧੯੭੦-੭੧ ਵਿਚ ਵਧ ਕੇ ੨੨੮ ਕਰੋੜ ਰੁਪਏ, ੧੯੯੦-੯੧ ਵਿਚ ੪੨੬ ਕਰੋੜ ਅਤੇ ੧੯੯੬-੯੭ ਵਿਚ ੧੧੦੦ ਕਰੋੜ ਰੁਪਏ ਸੀ। ੧੯੯੯ ਵਿਚ ੧੫੦੦ ਕਰੋੜ ਰੁਪਏ ਤੇ ਹੁਣ ੧੬੦੦ ਕਰੋੜ ਰੁਪਏ ਤੋਂ ਵਧ ਗਈ ਹੈ। ਐਕਸਾਈਜ਼ ਡਿਊਟੀ ਤੋਂ ਇਲਾਵਾ ਸ਼ਰਾਬ ਤੇ ੨੨% ਸੇਲਜ਼ ਟੈਕਸ ਲੱਗਦਾ ਹੈ। ਕੋਈ ਸਮਾਂ ਸੀ ਜਦੋਂ ਕੋਈ ਮਹਿਮਾਨ ਆ ਜਾਂਦਾ ਤਾਂ ੧੦-੧੫ ਕਿਲੋਮੀਟਰ ਜਾ ਕੇ ਠੇਕੇ ਤੋਂ ਸ਼ਰਾਬ ਦੀ ਬੋਤਲ ਲਿਆਂਦੀ ਜਾਂਦੀ ਸੀ। ਅੱਜ ਹਰ ਪਿੰਡ, ਸ਼ਹਿਰ ਵਿਚ ਸ਼ਰਾਬ ਦੇ ਠੇਕਿਆਂ ਦੀ ਸਹੂਲਤ ਹੈ। ਪੰਜਾਬ ਵਿਚ ਓਨੇ ਹਾਈ ਸਕੂਲ ਨਹੀਂ, ਜਿੰਨੇ ਸ਼ਰਾਬ ਦੇ ਠੇਕੇ ਹਨ। ਉਸ ਸੂਬੇ ਦਾ ਕੀ ਬਣੇਗਾ, ਜਿਥੇ ਸ਼ਰਾਬ ਦੇ ਟੈਕਸ ਤੋਂ ਪੜ੍ਹਾਈ ਦਾ ਖਰਚਾ ਕੱਢਿਆ ਜਾਂਦਾ ਹੈ। ਇਹ ਗੱਲ ਤਾਂ ਠੇਕਿਆਂ ਦੀ ਸ਼ਰਾਬ ਦੀ ਸੀ, ਇਸ ਤੋਂ ਇਲਾਵਾ ਠਰ੍ਹਾ ਮਾਰਕਾ ਵੱਖਰੀ ਹੈ।

ਬਰਤਾਨੀਆ ਦੀ ਇਕ ਨਸ਼ੇ ਛੁਡਾਉਣ ਵਾਲੀ ਸਮਾਜ ਸੇਵੀ ਸੰਸਥਾ ‘ਕਨਸੈਪਟ’ ਦਾ ਸਰਵੇਖਣ ਹੈ ਕਿ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਨ ਵਾਲਾ ਹਰ ਤੀਜਾ ਲੜਕਾ ਤੇ ਹਰ ਸਤਵੀਂ ਲੜਕੀ ਨੇ ਕਿਸੇ ਨਾ ਕਿਸੇ ਰੂਪ ਵਿਚ ਨਸ਼ੇ ਦਾ ਸੁਆਦ ਚਖਿਆ ਹੈ। ਇਨ੍ਹਾਂ ਵਿੱਚੋਂ ਕਈ ਤਾਂ ਨਸ਼ੇ ਦੇ ਦਰਿਆ ਵਿਚ ਡੁਬਕੀਆਂ ਲਾਉਂਦੇ ਹਨ। ਸਕੂਲਾਂ ਦੇ ੨੦% ਵਿਦਿਆਰਥੀ ਨਸ਼ੇ ਕਰਦੇ ਹਨ।

ਉਪਰੋਕਤ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਜਿਨ੍ਹਾਂ ਦੀ ਦੁਨੀਆਂ ਵਿਚ ਸ਼ਾਨ ਵੱਖਰੀ ਤੇ ਟੌਹਰ ਨਿਆਰੀ ਹੈ, ਹਰ ਰੋਜ਼ ੮ ਕਰੋੜ ਰੁਪਏ ਦੀ ਸ਼ਰਾਬ ਪੀ ਜਾਂਦੇ ਹਨ। ਸਾਲ ੧੯੯੭-੯੮ ਵਿਚ ਪੰਜਾਬੀਆਂ ਨੇ ੧੧.੫੦ ਅਰਬ ਰੁਪਏ ਦੀ ਸ਼ਰਾਬ ਪੀਤੀ, ੨੦੦੦-੨੦੦੧ ਵਿਚ ੧੩.੨੫ ਅਰਬ ਦੀ ਅਤੇ ੨੦੦੫-੨੦੦੬ ਵਿਚ ੧੬ ਅਰਬ ਰੁਪਏ ਦੀ ਸ਼ਰਾਬ ਪੀ ਗਏ। ਇਸ ਤੋਂ ਇਲਾਵਾ ਅਫੀਮ, ਭੁੱਕੀ, ਜਰਦਾ, ਤੰਬਾਕੂ, ਡੋਡੇ, ਸੁਖਾ, ਨਸ਼ੇ ਦੀਆਂ ਗੋਲੀਆਂ, ਕੈਪਸੂਲ, ਟੀਕੇ, ਗਾਂਜਾ, ਚਰਸ, ਹੈਰੋਇਨ ਤੇ ਸਮੈਕ ਵਰਗੇ ਨਸ਼ੇ ਪੰਜਾਬ ਦੀ ਧਰਤੀ ਦੇ ਚੱਪੇ-ਚੱਪੇ ’ਤੇ ਪਸਰੇ ਹੋਏ ਹਨ। ਕਾਲਜਾਂ ਦੇ ਲੜਕੇ ਬੈਨਡਰਿਲ, ਫੈਂਸੀਡਰਿਲ (ਖੰਘ ਦੀ ਦਵਾਈ) ਤੇ ਹੋਰ ਪਤਾ ਨਹੀਂ ਕੀ-ਕੀ ਗੰਦ ਬਲਾਅ ਤੇ ਜ਼ਹਿਰ ਖਾਈ ਜਾ ਰਹੇ ਹਨ।

ਜਿਸ ਨਵੀਨ ਨਸ਼ੀਲੇ ਪਦਾਰਥ ਹੱਥੋਂ ਅਜੋਕੀ ਨੌਜੁਆਨ ਪੀੜ੍ਹੀ ਦਾ ਘਾਣ ਹੋ ਰਿਹਾ ਹੈ, ਉਸ ਵਿਚ ਹੈਰੋਇਨ ਪ੍ਰਮੁੱਖ ਹੈ ਤੇ ਸਮੈਕ ਇਸ ਦਾ ਮਿਲਾਵਟੀ ਜਾਂ ਅਸ਼ੁੱਧ ਰੂਪ ਹੈ। ਦਵਾਈਆਂ ਦੀ ਇਕ ਕੰਪਨੀ ਬਾਇਰ (Bayer) ਨੇ ਸੰਨ ੧੮੯੮ ਵਿਚ ਸਭ ਤੋਂ ਪਹਿਲਾਂ ਇਸ ਨੂੰ ਇਕ ਸ਼ਕਤੀਸ਼ਾਲੀ ਦਰਦ ਨਿਵਾਰਕ ਦਵਾਈ ਦੇ ਰੂਪ ਵਿਚ ਮਾਰਕੀਟ ਵਿਚ ਲਿਆਂਦਾ ਸੀ, ਜਿਸ ਨੂੰ ਨਸ਼ੇ ਕਰਕੇ ਬੰਦ ਕਰਨਾ ਪਿਆ। ਦੁਨੀਆਂ ਦਾ ੮੦% ਹੈਰੋਇਨ ਦਾ ਨਿਰਮਾਣ ਭਾਰਤ ਦੀ ਪੂਰਬੀ ਸੀਮਾ (ਬਰਮਾ, ਲਾਉਸ, ਥਾਈਲੈਂਡ) ਤੇ ਉੱਤਰੀ ਸੀਮਾ (ਇਰਾਨ, ਅਫਗਾਨਿਸਤਾਨ, ਪਾਕਿਸਤਾਨ) ਵਿਚ ਹੁੰਦਾ ਹੈ, ਜੋ ਭਾਰਤ ਰਾਹੀਂ ਅਮਰੀਕਾ ਅਤੇ ਯੂਰਪ ਦੇ ਹੋਰ ਦੇਸ਼ਾਂ ਨੂੰ ਜਾਂਦੀ ਹੈ। ਇਹ ਬਹੁਤ ਮਹਿੰਗਾ ਨਸ਼ਾ ਹੈ। ਪੰਜਾਬ ਵਿਚ ਇਹ ਅਫਗਾਨਿਸਤਾਨ ਤੋਂ ਪਾਕਿਸਤਾਨ ਰਾਹੀਂ ਆਉਂਦੀ ਹੈ, ਜਿਸ ਦਾ ਅਫਗਾਨਿਸਤਾਨ ਵਿਚ ਮੁੱਲ ਪ੍ਰਤੀ ਕਿਲੋ ਇੱਕ ਲੱਖ ਰੁਪਏ ਹੈ, ਪੰਜਾਬ ਪਹੁੰਚ ਕੇ ੫ ਲੱਖ ਦੀ ਤੇ ਇੱਥੋਂ ਮੁੰਬਈ ਪਹੁੰਚ ਕੇ ੧੫ ਲੱਖ ਦੀ ਅਤੇ ਅਮਰੀਕਾ ਪਹੁੰਚ ਕੇ ਪੰਜ ਕਰੋੜ ਰੁਪਏ ਪ੍ਰਤੀ ਕਿੱਲੋ ਹੋ ਜਾਂਦਾ ਹੈ।

ਗੁਰਬਾਣੀ ਦੇ ਮੁਹਾਵਰੇ ਵਿਚ ਇਹ ਸਾਰਾ ਉਪਰੋਕਤ ਬਿਆਨ ਗੁਰਮੁਖ ਤੇ ਮਨਮੁਖ ਦੇ ਰਾਹਾਂ ਦੀ ਪਹਿਚਾਣ ਕਰਵਾਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਨੁੱਖਾ ਜੀਵਨ ਜਿਊਣ ਦੇ ਦੋ ਮਾਡਲ ਪੇਸ਼ ਕਰਦੇ ਹਨ: ਇਕ ਹੈ ਮਨ ਦੇ ਪਿੱਛੇ ਲੱਗ ਕੇ ਜੀਵਨ ਜਿਊਣ ਦਾ ਢੰਗ ਜੋ ਮਨਮੁਖਾ ਜੀਵਨ ਹੈ ਅਤੇ ਦੂਜਾ 'ਗੁਰ ਕੀ ਮਤਿ ਤੂੰ ਲੇਹਿ ਇਆਨੇ॥' ਵਾਲਾ ਗੁਰਮੁਖਾ ਜੀਵਨ। ਪਹਿਲੇ ਨੂੰ ਸਿੱਖ ਧਰਮ ਵਿਚ ਮੂਲੋਂ ਹੀ ਰੱਦ ਕਰ ਦਿੱਤਾ ਗਿਆ ਹੈ ਤੇ ਦੂਜੇ ਦਾ ਧਾਰਕ ਬਣਾਉਣ ਲਈ ਮਾਰਗ-ਦਰਸ਼ਨ ਕੀਤਾ ਗਿਆ ਹੈ। ਗੁਰਮੁਖ ਦੀ ਆਦਰਸ਼ਕਤਾ ਨੂੰ ਪ੍ਰਾਪਤ ਕਰਨ ਲਈ ਸਰੀਰਕ, ਮਾਨਸਿਕ ਤੇ ਆਤਮਿਕ ਤਿੰਨਾਂ ਪੱਖਾਂ ਤੋਂ ਬਲਵਾਨ ਹੋਣ ਦੀ ਲੋੜ ਹੈ। ਗੁਰਮੁਖ ਨੇ ਸੁਰਤਿ ਨੂੰ ਸੰਸਾਰ ਦੀ ਭੈੜੀ ਪਦਾਰਥਕ ਤੇ ਮਾਇਆਵਾਦੀ ਚਪਲ ਚਤੁਰਾਈ ਵਾਲੀ ਤੇ ਲਬ-ਪਾਪ ਨਾਲ ਲਿਬੜੀ ਬਿਰਤੀ ਵਿੱਚੋਂ ਕੱਢ ਕੇ 'ਸ਼ਬਦ' ਨਾਲ ਜੋੜਨਾ ਹੈ। ਇਸੇ ਨੂੰ ਭਾਈ ਵੀਰ ਸਿੰਘ ਨੇ 'ਸਿੱਖੀ ਹੈ ਬਲਵਾਨ ਕਰਨਾ ਸੁਰਤਿ ਨੂੰ' ਕਿਹਾ ਹੈ। ਨਸ਼ੇ ਮਨੁੱਖ ਨੂੰ ਸਰੀਰਕ, ਮਾਨਸਿਕ ਤੇ ਆਤਮਿਕ ਤੌਰ 'ਤੇ ਕਮਜ਼ੋਰ ਕਰਦੇ ਹਨ। ਇਸੇ ਕਰਕੇ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਦੁਨਿਆਵੀ ਨਸ਼ਿਆਂ ਨਾਲੋਂ ਤੋੜ ਕੇ ਅੰਮ੍ਰਿਤ ਨਾਮ ਦੇ ਸਦੀਵੀ ਨਸ਼ੇ ਨਾਲ ਜੋੜਿਆ ਹੈ। ਦੁਨਿਆਵੀ ਨਸ਼ੇ ਕੁਝ ਘੰਟਿਆਂ ਤਕ ਸਰੂਰ ਦਿੰਦੇ ਹਨ ਪਰ ਨਾਮ ਦਾ ਨਸ਼ਾ ਦਿਨ-ਰਾਤ ਨਿਰੰਤਰ ਸਰੂਰ ਦਿੰਦਾ ਹੈ। ਜਿਸ ਨੂੰ ਜਨਮ ਸਾਖੀਆਂ ਵਿਚ 'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਕਿਹਾ ਹੈ। ਆਦਰਸ਼ਕ ਤੇ ਪਤਿਵਾਨ ਮਨੁੱਖ ਨੂੰ ਪਰਿਭਾਸ਼ਤ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੰਦੇਸ਼ ਦਿੰਦੀ ਹੈ ਕਿ ਜੋ ਪ੍ਰਭੂ ਭਾਣੇ ਵਿਚ ਰਹਿ ਕੇ ਪ੍ਰਭੂ ਨਾਮ ਦੀ ਰਸਾਇਣ (ਸ਼ਰਾਬ) ਵਿਚ ਰੰਗੇ ਹੋਏ ਹਨ, ਉਹ ਧੰਨਤਾ ਦੇ ਪਾਤਰ ਹਨ। ਨਸ਼ਈ ਜੋ ਕਰਦੇ ਹਨ ਆਪਣੀ ਮਤ ਅਨੁਸਾਰ ਨਹੀਂ ਕਰਦੇ ਸਗੋਂ ਨਸ਼ੇ ਉੱਤੇ ਸਵਾਰ ਹੋ ਕੇ ਕਰਦੇ ਹਨ। ਅਸਲੀ ਅਮਲ ਵਾਲੇ ਉਹੀ ਹਨ ਜੋ ਹਰੀ ਨਾਮ ਦੀ ਮਸਤੀ ਵਿਚ ਮਸਤ ਹੁੰਦੇ ਹਨ:

**ਜੀਉ ਪਿੰਡੁ ਧਨੁ ਅਰਪਿਆ ਸੇਈ ਪਤਿਵੰਤੇ॥**
**ਆਪਨੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ॥੩॥**
**ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥**
**ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥**

(ਪੰਨਾ ੩੯੯)

ਸ਼ਰਾਬ ਤੇ ਨਸ਼ਿਆਂ ਰਾਹੀਂ ਮਨੁੱਖੀ ਜੀਵਨ ਵਿਚ ਵਿਕਾਰਾਂ ਦਾ ਹੀ ਵਾਧਾ ਹੁੰਦਾ ਹੈ ਤੇ ਇਹ ਵਿਕਾਰ ਹੀ ਹਨ ਜੋ ਮਨੁੱਖ ਨੂੰ ਹਉਮੈਂ ਦੀ ਰਸਾਤਲ ਵਿਚ ਡੇਗ ਦਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਦੇਸ਼ ਹੈ:

**ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥**

(ਪੰਨਾ ੫੫੩)

ਸ਼ਰਾਬ ਪੀਣ ਨਾਲ ਮਨੁੱਖ ਆਤਮਿਕ ਪੱਖੋਂ ਗਰੀਬ ਤੇ ਮਾਨਸਿਕ ਪੱਖੋਂ ਦੀਵਾਲੀਆ ਹੋ ਜਾਂਦਾ ਹੈ। ਉਸ ਦੀ ਬੁੱਧੀ ਪੱਤਰਾ ਵਾਚ ਜਾਂਦੀ ਹੈ ਤੇ ਸਿਰ 'ਤੇ ਪਾਗ਼ਲਪਨ ਸਵਾਰ ਹੋ ਜਾਂਦਾ ਹੈ। ਉਹ ਪਰਮਾਤਮਾ ਨੂੰ ਤਾਂ ਭੁੱਲ ਬੈਠਦਾ ਹੀ ਹੈ, ਸਗੋਂ ਉਸ ਨੂੰ ਆਪਣੇ ਪਰਾਏ ਦੀ ਵੀ ਪਛਾਣ ਨਹੀਂ ਰਹਿੰਦੀ। ਇਸ ਲੋਕ ਵਿਚ ਉਸ ਦੀ ਇਹ ਦੁਰਦਸ਼ਾ ਹੁੰਦੀ ਹੈ ਕਿ ਉਹ ਸਰੀਰਕ ਤੌਰ 'ਤੇ ਨਕਾਰਾ ਹੋ ਜਾਂਦਾ ਹੈ, ਕੰਮ-ਧੰਦਾ ਕਰ ਨਹੀਂ ਸਕਦਾ, ਪੈਸਾ ਟਕਾ ਬਰਬਾਦ ਕਰ ਲੈਂਦਾ ਹੈ, ਘਰ ਵਿਚ ਰੋਜ਼ਾਨਾ ਕਲੇਸ਼ ਹੁੰਦਾ ਹੈ, ਗਰੀਬੀ ਚਾਰ-ਚੁਫੇਰਿਓਂ ਘੇਰ ਲੈਂਦੀ ਹੈ, ਹਰ ਪਾਸਿਓਂ ਧੱਕੇ ਪੈਂਦੇ ਹਨ ਅਤੇ ਅੰਤ ਮੌਤ ਦੇ ਮੂੰਹ ਵਿਚ ਜਾ ਪੈਂਦਾ ਹੈ। ਪਰਲੋਕ ਵਿਚ ਉਸ ਨੂੰ ਪਰਮਾਤਮਾ ਦੇ ਦਰ-ਘਰ ਕੋਈ ਥਾਂ ਨਹੀਂ ਮਿਲਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦਾ ਹਰ ਬਸ਼ਰ ਨੂੰ ਆਦੇਸ਼ ਹੈ ਕਿ ਇਹ ਨਸ਼ਾ ਝੂਠਾ ਹੈ ਕਿਉਂਕਿ ਇਸ ਨੇ ਜੀਵਨ ਨੂੰ ਹੀ ਝੂਠਾ ਕਰ ਦੇਣਾ ਹੈ। ਇਸ ਨੂੰ ਭੁੱਲ ਕੇ ਵੀ ਨਾ ਪੀਓ। ਸੱਚਾ ਨਸ਼ਾ ਨਾਮ ਸਿਮਰਨ ਦਾ ਹੈ, ਜਿਹੜਾ ਗੁਰੂ ਦੇ ਦਰ-ਘਰ ਤੋਂ ਮਿਲਣਾ ਹੈ। ਇਹੀ ਗੁਰੂ ਵਾਲੇ ਤੇ ਗੁਰੂ ਦੇ ਨਾਲ ਹੋਣ ਦਾ ਸੁਭਾਗ ਹੈ:

**ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥**
**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥**
**ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥**
**ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ॥**

(ਪੰਨਾ ੫੫੪)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਦੇਸ਼ ਹੈ ਕਿ ਸ਼ਰਾਬ ਤਾਂ ਭਾਵੇਂ ਗੰਗਾ-ਜਲ ਤੋਂ ਵੀ ਤਿਆਰ ਕੀਤੀ ਹੋਵੇ, ਗਿਆਨਵਾਨ ਨੂੰ ਇਸ ਦਾ ਵੀ ਸੇਵਨ ਨਹੀਂ ਕਰਨਾ ਚਾਹੀਦਾ:

**ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥**

(ਪੰਨਾ ੧੨੯੩)

ਇਕੱਲੀ ਸ਼ਰਾਬ ਦੇ ਨਸ਼ੇ ਦੀ ਹੀ ਗੁਰਸਿੱਖ ਨੂੰ ਮਨਾਹੀ ਨਹੀਂ ਸਗੋਂ ਹਰ ਪ੍ਰਕਾਰ ਦੇ ਨਸ਼ਿਆਂ ਤੋਂ ਵਿਮੁਕਤ ਜੀਵਨ ਜਿਊਣ ਵਿਚ ਹੀ ਸਰੀਰਕ, ਮਾਨਸਿਕ ਤੇ ਆਤਮਿਕ ਸੁਖ ਤੇ ਖੁਸ਼ੀਆਂ ਦੀ ਪ੍ਰਾਪਤੀ ਹੁੰਦੀ ਹੈ। ਜੋ ਪ੍ਰਭੂ ਨਾਮ ਵਿਸਾਰ ਕੇ ਨਸ਼ਿਆਂ ਦੀ ਮੌਜ-ਮਸਤੀ ਵਿਚ ਲੱਗੇ ਹੋਏ ਹਨ, ਉਨ੍ਹਾਂ ਪ੍ਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾੜਨਾ ਬਹੁਤ ਸਖ਼ਤ ਹੈ ਕਿ:

**ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥**

**ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ॥੧੩॥**
**ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿ ਧਾਰੇ॥**
**ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ॥**

(ਪੰਨਾ ੭੨੬)

ਕਈ ਵਾਰ ਅਸੀਂ ਬਾਹਰਮੁਖਤਾ ਤੋਂ ਗੁਰਸਿੱਖ ਬਣ ਜਾਂਦੇ ਹਾਂ। ਪਾਠ-ਪੂਜਾ ਵੀ ਕਰਦੇ ਹਾਂ। ਪੰਜਾਬ ਦੇ ਪਿੰਡਾਂ ਵਿਚ ਲੋਕ ਇਕ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਰਖਵਾ ਲੈਂਦੇ ਹਨ। ਭੋਗ ਪੈਣ ਤੋਂ ਪਿੱਛੋਂ ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਗੁਰਦੁਆਰਾ ਸਾਹਿਬ ਵੀ ਨਹੀਂ ਪਹੁੰਚੀ ਹੁੰਦੀ ਕਿ ਬੋਤਲਾਂ ਦੇ ਡੱਟ ਖੁੱਲ੍ਹ ਜਾਂਦੇ ਹਨ, ਅਜਿਹੇ ਬਾਹਰਮੁਖਤਾ ਵਾਲੇ ਨਾਮਧਰੀਕ ਗੁਰਸਿੱਖਾਂ ਪ੍ਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਦੇਸ਼ ਹੈ:

**ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥**
**ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥**

(ਪੰਨਾ ੧੩੭੭)

ਅਜੋਕੇ ਸਮੇਂ ਵਿਚ ਜਿੱਥੇ ਸ਼ਰਾਬ ਨੂੰ ਵਿਆਹ ਸ਼ਾਦੀਆਂ ਜਾਂ ਹੋਰ ਸਮਾਗਮਾਂ ਸਮੇਂ ਭੋਜਨ ਦਾ ਅੰਗ ਬਣਾ ਕੇ ਪੱਛਮੀ ਸਭਿਆਚਾਰ ਦੇ ਪ੍ਰਭਾਵ ਹੇਠ 'ਸੋਸ਼ਲ ਡ੍ਰਿੰਕਿੰਗ' ਦਾ ਨਾਮ ਦੇ ਦਿੱਤਾ ਗਿਆ ਹੈ, ਉਥੇ ਖਾਂਦੇ-ਪੀਂਦੇ ਪਰਵਾਰਾਂ ਲਈ ਇਹ 'ਸਟੇਟਸ ਸਿੰਬਲ' ਬਣ ਗਿਆ ਹੈ। ਗੁਰਸਿੱਖ ਨੂੰ ਕਿਰਤ ਕਮਾਈ ਰਾਹੀਂ ਤਿਆਰ ਕੀਤੇ ਸਾਦਾ ਭੋਜਨ ਨੂੰ ਛਕਣ ਦਾ ਆਦੇਸ਼ ਹੈ। ਇਸ ਕਰਕੇ ਇਸ ਨੂੰ 'ਗੁਰੂ ਕਾ ਲੰਗਰ' ਕਿਹਾ ਗਿਆ ਹੈ। ਸਾਡੀਆਂ ਸਰੀਰਿਕ ਬਿਮਾਰੀਆਂ ਦਾ ਕਾਰਨ ਲੋੜ ਤੋਂ ਵੱਧ ਭੋਜਨ ਖਾਣਾ ਹੈ। ਅਸੀਂ ਇਹ ਨਹੀਂ ਵੇਖਦੇ ਕਿ ਕਿਰਤ-ਕਮਾਈ ਕਿਹੋ ਜਿਹੀ ਹੈ, ਅਸੀਂ ਤਾਂ ਵੇਖਦੇ ਹਾਂ ਕਿ ਸਮਾਗਮ ਵਿਚ ਕਿੰਨੀਆਂ ਡਿਸ਼ਾਂ ਪਰੋਸੀਆਂ ਗਈਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਜੀ ਦੀ ਕਿਰਤ-ਕਮਾਈ ਵਾਲੇ ਭੋਜਨ ਨੂੰ ਤਰਜੀਹ ਦਿੱਤੀ ਸੀ, ਅਸੀਂ ਆਪਣੇ ਮੂੰਹ ਦੇ ਸੁਆਦਾਂ ਬਦਲੇ ਮਲਕ ਭਾਗੋਆਂ ਦੇ ਵਿਹੜੇ ਵੜ ਰਹੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਖਾਣ-ਪੀਣ ਦੇ ਮਾਮਲੇ ਵਿਚ ਬੜਾ ਸਪਸ਼ਟ ਸੰਦੇਸ਼ ਹੈ:

**ਬਾਬਾ ਹੋਰੁ ਖਾਣਾ ਖੁਸੀ ਖੁਆਰੁ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥**

(ਪੰਨਾ ੧੬)

ਇਕ ਸਮਾਂ ਆਇਆ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦੇਸ਼ ਦੀ ਰੌਸ਼ਨੀ ਵਿਚ ਕੁਝ ਰਹਿਤਨਾਮੇ ਜਾਰੀ ਕੀਤੇ ਗਏ। ਇਹ ਸਾਰੇ ਰਹਿਤਨਾਮੇ ਗੁਰਸਿੱਖਾਂ ਲਈ ਗੁਰਮੁਖਾ ਜੀਵਨ ਜਿਊਣ ਦੀ ਜੀਵਨ-ਜਾਚ ਵਜੋਂ ਸਨ। ਇਨ੍ਹਾਂ ਵਿੱਚੋਂ ਸਿਰਫ਼ ਨਸ਼ਿਆਂ ਪ੍ਰਤੀ ਆਦੇਸ਼ ਕਰਦੇ ਕੁਝ ਬਚਨ ਇਥੇ ਦੇਣੇ ਚਾਹਾਂਗਾ। ਕੁਝ ਸਿੱਖਾਂ ਨੂੰ ਭੁਲੇਖਾ ਹੈ ਕਿ ਸਿਰਫ਼ ਤੰਬਾਕੂ ਦੀ ਮਨਾਹੀ ਹੀ ਕੀਤੀ ਗਈ ਹੈ ਪਰ ਇਹ ਰਹਿਤਨਾਮੇ ਹਰ ਪ੍ਰਕਾਰ ਦੇ ਨਸ਼ਿਆਂ ਦੇ ਸੇਵਨ ਨੂੰ ਵਰਜਿਤ ਕਰਦੇ ਹਨ:

**ਕੁੱਠਾ ਹੁੱਕਾ ਚਰਸ ਤਮਾਕੂ। ਗਾਂਜਾ ਟੋਪੀ ਤਾੜੀ ਖਾਕੂ।**
**ਇਨ ਕੀ ਓਰ ਨ ਕਬਹੂ ਦੇਖੈ। ਰਹਤਵੰਤ ਜੋ ਸਿੰਘ ਬਿਸੇਖੈ।**

**(ਰਹਿਤਨਾਮਾ ਭਾਈ ਦੇਸਾ ਸਿੰਘ)**

ਜੋ ਸਿਖੁ ਮੇਰਾ ਹੋਵੈ ਤਿਸ ਨੂੰ ਤਮਾਕੂ ਪੀਵਣ ਤੇ ਨਸਵਾਰ ਚੜ੍ਹਾਵਣੀ ਅਜੇਹੀ ਹੈ ਜੈਸਾ

**ਗਊ ਮਾਸ ਖਾਇਆ।**
**ਗੁਰੂ ਕਾ ਸਿੱਖ ਵਸ ਲਗਦੇ ਬਿਖਿਆ ਕਾ ਵਣਜ ਵੀ ਨਾ ਕਰੇ।**

**(ਰਹਿਤਨਾਮਾ ਭਾਈ ਚਉਪਾ ਸਿੰਘ)**

**ਧੂਮ੍ਰਪਾਨ ਛੁਇ ਹਾਥ ਮੈਂ, ਨਾਸਿਕਾ ਕਣੀ ਲੇਤ।**
**ਮਰੈ ਨਰਕ ਭੋਗੇ ਬਿਕਟ, ਧਰਮ ਸ਼ਾਸਨਾ ਦੇਤ।**

**(ਰਹਿਤਨਾਮਾ ਭਾਈ ਦਯਾ ਸਿੰਘ)**

**ਮਦੁਰਾ ਦਹਿਤੀ ਸਾਤ ਕੁਲ, ਭੰਗ ਦਹੇ ਤਨ ਏਕ।**
**ਸੌ ਕੁਲ ਦਹਿਤਾ ਜਗਤ ਜੂਠ, ਨਿੰਦਿਆ ਦਹੇ ਅਨੇਕ।**

**(ਗੁਰਪ੍ਰਤਾਪ ਸੂਰਜ ਗ੍ਰੰਥ)**

ਤੰਬਾਕੂ ਲਈ ਸਿੱਖ ਜਗਤ ਵਿਚ 'ਜਗਤ ਜੂਠ' ਸ਼ਬਦ ਵਰਤਿਆ ਗਿਆ ਹੈ ਕਿਉਂਕਿ ਇਕ ਦਾ ਜੂਠਾ ਹੁੱਕਾ, ਸਿਗਰਟ, ਬੀੜੀ ਕਈ ਪੀਂਦੇ ਹਨ। ਨਿਹੰਗ ਸਿੰਘ ਇਸ ਨੂੰ 'ਗਧੀ ਚੁੰਘਣਾ' ਕਹਿੰਦੇ ਹਨ।

ਸੋ ਅਜੋਕੇ ਸੰਦਰਭ ਵਿਚ ਪੰਜਾਬ ਤੇ ਖਾਸ ਕਰਕੇ ਸਿੱਖ ਨੌਜਵਾਨਾਂ ਵਿਚ ਪਤਿਤਪੁਣੇ ਤੇ ਨਸ਼ਿਆਂ ਦਾ ਜੋ ਰੁਝਾਣ ਵਧਿਆ ਹੈ, ਉਸ ਨੂੰ ਫੌਰੀ ਠੱਲ੍ਹ ਪਾਉਣ ਦੀ ਲੋੜ ਹੈ। ਇਹ ਸੰਭਵ ਤਾਂ ਹੀ ਹੋ ਸਕਦਾ ਹੈ ਜੇਕਰ ਨੌਜਵਾਨ ਪੀੜ੍ਹੀ ਨੂੰ ਗੁਰਬਾਣੀ ਨਾਲ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ ਨੂੰ ਵਿਸ਼ਵ ਦਾ ਹਰ ਪ੍ਰਾਣੀ ਆਪਣੇ ਹਿਰਦੇ ਵਿਚ ਵਸਾਵੇ।


# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂੰ ਰੁੱਲ ਜਾਵੋਗੇ

ਕਿਸ਼ਤ-੪

# ਗੁਰ ਸਾਗਰ ਦੇ ਸੁੱਚੇ ਮੋਤੀ


**ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ**

ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਗੁਰਸਾਗਰ ਦੇ ਸੁੱਚੇ ਮੋਤੀ ਪੁਸਤਕ ਜੋ ਕਿ ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਜੀਵਨੀ ’ਤੇ ਵਿਸਥਾਰ ਸਹਿਤ ਲਿਖੀ ਗਈ ਹੈ ਅਤੇ ਇਹ ਪੁਸਤਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਛਪਵਾਈ ਗਈ ਹੈ। ਇਸ ਪੁਸਤਕ ਦੀਆਂ ਕਾਪੀਆਂ ਫਾਊਂਡੇਸ਼ਨ ਦੇ ਚੰਡੀਗੜ੍ਹ ਦਫ਼ਤਰ ਵਿਖੇ ਉਪਲਬਧ ਹਨ। ਸਮੂਹ ਪਾਠਕਾਂ ਅਤੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹ ਵਡਮੁੱਲੀ ਪੁਸਤਕ ਚੰਡੀਗੜ੍ਹ ਦੇ ਦਫ਼ਤਰ ’ਚੋਂ ਪ੍ਰਾਪਤ ਕਰ ਸਕਦੇ ਹਨ।

ਸੰਪਾਦਕ

### 1929 ਵਿਚ ਗੁਜਰਾਤ ਦੇ ਜ਼ਿਲ੍ਹੇ ਵਿਚ ਉਗਰਾਹੀ

ਆਪ ਜੀ ਨੇ ਗਰਮੀਆਂ ਵਿਚ ਉਗਰਾਹੀ ਸ਼ੁਰੂ ਕੀਤੀ। ਟਾਂਡਾ, ਕਿਲ੍ਹਾ ਸੂਰਾ ਸਿੰਘ, ਬੁਢਨ ਹਟਕਾ ਆਦਿ ਪਿੰਡਾਂ ਦੀ ਦੋ ਕੁ ਮਹੀਨੇ ਆਪ ਜੀ ਨੇ ਉਗਰਾਹੀ ਕੀਤੀ। ਕੁਝ ਉਧਾਰ ਭੀ ਲੋਕਾਂ ਨੇ ਕੀਤਾ, ਪਰ ਲੋਕਾਂ ਵਿਚ ਬੜਾ ਉਤਸ਼ਾਹ ਸੀ। ਜੋ ਭੀ ਮਹਾਂਪੁਰਖ ਕਹਿੰਦੇ ਉਹ ਸਤ ਬਚਨ ਕਰਕੇ ਮੰਨ ਲੈਂਦੇ ਤੇ ਮਾਇਆ ਦਿੰਦੇ। ਬਾਬਾ ਕਾਲਾ ਸਿੰਘ ਕਿਲ੍ਹਾ ਸੂਰਾ ਸਿੰਘ ਵਾਲਿਆਂ ਆਪਣੀ ਸਾਰੀ ਜਾਇਦਾਦ ਟਾਂਡਾ ਸਕੂਲ ਨੂੰ ਅਰਦਾਸ ਕਰਾ ਦਿੱਤੀ। ਆਪ ਜੀ ਦਾ ਪੁੱਤਰ ਕੋਈ ਨਹੀਂ ਸੀ।

ਮੈਨੂੰ ਯਾਦ ਹੈ ਕੋਈ ਭਾ ਬਾਬਾ ਪ੍ਰੇਮ ਸਿੰਘ ਜੀ ਦੇ ਬਚਨ ਨੂੰ ਮੋੜਨ ਦੀ ਸਮਰੱਥਾ ਨਹੀਂ ਸੀ ਰੱਖਦਾ। 1929 ਵਿਚ ਆਪ ਜੀ ਹਮੇਸ਼ਾ ਵਾਂਗ ਸ੍ਰੀ ਨਨਕਾਣੇ ਸਾਹਿਬ ਕਤਕ ਪੂਰਨਮਾਸ਼ੀ ਤੇ ਪੁੱਜੇ। ਉਥੋਂ ਹੀ ਉਨ੍ਹਾਂ ਕਾਲਰ ਦੇ ਪਿੰਡਾਂ ਵਿਚ ਉਗਰਾਹੀ ਕਰਨ ਦਾ ਪ੍ਰੋਗਰਾਮ ਬਣਾ ਲਿਆ। ਦਾਸ ਭੀ ਸ੍ਰੀ ਮਾਨ ਗਿਆਨੀ ਸੁੰਦਰ ਸਿੰਘ ਹੋਰਾਂ ਦੇ ਨਾਲ ਸ੍ਰੀ ਨਨਕਾਣੇ ਸਾਹਿਬ ਪੁੱਜਾ। ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਦਰਸ਼ਨ ਕੀਤੇ, ਬੜਾ ਪ੍ਰਸੰਨ ਹੋਏ। ਜਿਸ ਤਰ੍ਹਾਂ ਕਿ ਮੈਂ ਪਿੱਛੇ ਦੱਸ ਆਇਆ ਹਾਂ, ਉਨ੍ਹਾਂ ਦੇ ਬਚਨ ਅਨੁਸਾਰ ਕਥਾ ਦਾ ਭੋਗ ਪਾ ਕੇ ਮੈਂ ਭੀ ਜਿਥੇ ਕਿ ਆਪ ਸਕੂਲ ਦੀ ਉਗਰਾਹੀ ਲਈ ਸ਼ਾਮਕੇ ਪਿੰਡ ਜ਼ਿਲ੍ਹਾ ਸ਼ੇਖ਼ੂਪੁਰੇ ਪੁੱਜੇ ਹੋਏ ਸਨ, ਆਪ ਜੀ ਦੇ ਪਾਸ ਪੁੱਜ ਗਿਆ।

### ਉਗਰਾਹੀ ਆਦਿ ਦੇ ਲਿਖਣ ਦਾ ਕੰਮ ਦਾਸ ਜ਼ਿੰਮੇ

ਸ੍ਰੀ ਨਨਕਾਣੇ ਸਾਹਿਬ ਦਾ ਸਾਕਾ ਹੋ ਚੁੱਕਾ ਸੀ। ਅਕਾਲੀ ਲਹਿਰ ਜ਼ੋਰਾਂ ਤੇ ਸੀ। ਕਾਲੀ ਪੱਗ ਤੋਂ ਅੰਗਰੇਜ਼ੀ ਸਰਕਾਰ ਬੜੀ ਡਰਦੀ ਸੀ। ਪੰਥ ਦਾ ਹੁਕਮ ਮੰਨ ਕੇ ਆਪ ਜੀ ਨੇ ਭੀ ਕੁਝ ਸਮੇਂ ਲਈ ਕਾਲੀ ਦਸਤਾਰ ਸਜਾਈ, ਜਿਥੇ ਜਾਂਦੇ ਕਾਲੇ ਰੰਗ ਦਾ ਕਾੜ੍ਹਾ ਤਿਆਰ ਕਰਵਾ ਕੇ ਸਭ ਦੀਆਂ ਪੱਗਾਂ ਰੰਗੀਆਂ ਜਾਂਦੀਆਂ। ਬੀਬੀਆਂ ਦੇ ਦੁਪੱਟੇ ਕਾਲੇ ਕੀਤੇ ਜਾਂਦੇ। ਇਸੇ ਤਰ੍ਹਾਂ ਸ੍ਰੀਮਾਨ ਗਿ. ਸੁੰਦਰ ਸਿੰਘ ਜੀ ਹੋਰਾਂ ਨੇ ਭੀ ਪੰਥ ਦਾ ਹੁਕਮ ਮੰਨ ਕੇ ਕਾਲਾ ਦਸਤਾਰਾ ਸਜਾਇਆ ਸੀ। ਸੰਤ ਬਾਬਾ ਪ੍ਰੇਮ ਸਿੰਘ ਜੀ ਅਤੇ ਸ੍ਰੀਮਾਨ ਗਿ. ਸੁੰਦਰ ਸਿੰਘ ਜੀ ਦੋਹਾਂ ਨੇ ਇਸ ਅਕਾਲੀ ਲਹਿਰ ਵਿਚ ਬਹੁਤ ਕੰਮ ਕੀਤਾ। ਆਪ ਜੀ ਨੇ ਸਿਰਤੋੜ ਪੰਥ ਦਾ ਸਾਥ ਦਿੱਤਾ। ਭਾਈ ਨਿਹਾਲ ਸਿੰਘ ਜੀ ਜਿਨ੍ਹਾਂ ਦਾ ਨਾਮ ਪਿੱਛੋਂ ਭਾਈ ਗੁਰਚਰਨ ਸਿੰਘ ਜੀ ਹੋਇਆ, ਇਹ ਬਾਬਾ ਪ੍ਰੇਮ ਸਿੰਘ ਜੀ ਦੇ ਬਹੁਤ ਨਿਕਟਵਰਤੀ ਸਨ। ਮਹਾਂਪੁਰਖਾਂ ਦੇ ਨਾਲ ਆਪ ਕੀਰਤਨ ਭੀ ਕਰਦੇ ਸਨ। ਆਪ ਜੀ ਨੂੰ ਬਾਣੀ ਵੀ ਬਹੁਤ ਯਾਦ ਸੀ। ਜਦੋਂ ਮਹਾਂਪੁਰਖ ਤੇ ਭਾਈ ਗੁਰਚਰਨ ਸਿੰਘ ਜੀ ਦੋਵੇਂ ਕੀਰਤਨ ਕਰਦੇ, ਰੰਗ ਬੰਨ੍ਹ ਦੇਂਦੇ ਸਨ। ਅਕਾਲੀ ਲਹਿਰ ਦਾ ਭਾਈ ਗੁਰਚਰਨ ਸਿੰਘ ਦੇ ਦਿਲ ਤੇ ਬਹੁਤ ਅਸਰ ਸੀ। ਗੁਰੂ ਦੇ ਬਾਗ ਦਾ ਮੋਰਚਾ ਲੱਗਾ ਹੋਇਆ ਸੀ, ਮਹਾਂਪੁਰਖਾਂ ਨੂੰ ਭਾਈ ਗੁਰਚਰਨ ਸਿੰਘ ਜੀ ਜੇਲ੍ਹ ਜਾਣ ਲਈ ਬਹੁਤ ਜ਼ੋਰ ਦੇਂਦੇ ਸਨ। ਦੋਵੇਂ ਆਪ ਜੀ ਪੰਥ ਦੇ ਨਾਲ ਸਨ ਪਰ ਜੇਲ੍ਹ ਜਾਣ ਤੋਂ ਸੂਕਲ ਦੀ ਗ੍ਰਾਂਟ ਆਦਿ ਜੋ ਲੈਣੀ ਸੀ, ਉਸ ਲਈ ਰੁਕਾਵਟ ਪੈ ਜਾਣ ਦੇ ਡਰ ਕਾਰਨ ਜੇਲ੍ਹ ਵਿਚ ਨਹੀਂ ਸੀ ਜਾਣਾ ਚਾਹੁੰਦੇ। ਭਾਈ ਗੁਰਚਰਨ ਸਿੰਘ ਜੀ ਨੇ ਕਿਹਾ ਕਿ ਜੇਕਰ ਆਪ ਨੇ ਨਹੀਂ ਜਾਣਾ ਤਾਂ ਮੈਨੂੰ ਆਗਿਆ ਦਿਉ, ਮੈਂ ਜ਼ਰੂਰ ਜੇਲ੍ਹ ਜਾਣਾ ਹੈ।

ਭਾਈ ਗੁਰਚਰਨ ਸਿੰਘ ਜੀ ਉਗਰਾਹੀ ਦੀ ਅਪੀਲ ਕਰਦੇ ਸਨ, ਉਗਰਾਹੀ ਲਿਖਦੇ ਸਨ, ਪੈਸੇ ਸੰਭਾਲਦੇ ਸਨ, ਉਹ ਸਭ ਕੁੱਝ ਛੱਡ ਕੇ ਚਲੇ ਗਏ। ਕੁਦਰਤੀ, ਦਾਸ ਮਹਾਂਪੁਰਖਾਂ ਦੇ ਪਾਸ ਪੁੱਜ ਗਿਆ ਅਤੇ ਇਹ ਉਗਰਾਹੀ ਲਿਖਣ ਦਾ ਕੰਮ, ਅਪੀਲ ਕਰਨ ਦਾ, ਮਾਇਆ ਸੰਭਾਲਣ ਦਾ ਆਪ ਜੀ ਨੇ ਮੇਰੇ ਸਪੁਰਦ ਕਰ ਦਿੱਤਾ। ਮੈਨੂੰ ਆਪ ਕਹਿਣ ਲੱਗੇ ਕਿ ਇਕ ਬੀਮਾ ਬਾਹਰੋਂ ਫੌਜ ਵਿਚੋਂ ਆਇਆ ਹੈ, ਤੂੰ ਨਾਲ ਚੱਲ ਤੇ ਅਸੀਂ ਇਕ ਦੋ ਦਿਨ ਬੀਮੇ ਦੀ ਮਾਇਆ ਲੈ ਕੇ ਆ ਜਾਵਾਂਗੇ। ਮੈਂ ਕਿਹਾ–ਜੀ ਜਿਸ ਤਰ੍ਹਾਂ ਆਪ ਜੀ ਦਾ ਹੁਕਮ। ਸੰਤ ਮਹਾਰਾਜ ਤੇ ਦਾਸ ਕਾਲਾ ਸ਼ਾਹ ਕਾਕੂ ਸਟੇਸ਼ਨ ਤੋਂ ਗੱਡੀ

ਚੜ੍ਹੇ। ਗੱਡੀ ਬੜੀ ਚਿਰਕੀ ਰਾਤ ਨੂੰ ਖਾਰੀਆਂ ਸਟੇਸ਼ਨ ਤੇ ਪੁੱਜੀ। ਕੋਈ ਸੁਆਰੀ ਉਸ ਵੇਲੇ ਨਾ ਮਿਲੀ। ਦੋ ਕੁ ਮੀਲ ਖਾਰੀਆਂ ਤੋਂ ਮੁਰਾਲਾ ਸੀ, ਆਪ ਜੀ ਨੇ ਪਿਸਤੌਲ ਭਰ ਕੇ ਹੱਥ ਵਿਚ ਫੜ ਲਿਆ ਤੇ ਪੈਦਲ ਹੀ ਚੱਲ ਪਏ। ਚਿਰਕੇ ਮੁਰਾਲੇ ਪੁੱਜੇ। ਆਪ ਜੀ ਦੇ ਦਿਲ ਵਿਚ ਕੋਈ ਡਰ ਨਹੀਂ ਸੀ, ਬੜੇ ਦਲੇਰ ਸਨ।

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਦਾਸ ਵੱਲੋਂ ਆਰੰਭ

ਅੰਮ੍ਰਿਤ ਵੇਲੇ ਉੱਠੇ। ਦਾਸ ਨੇ ਆਪ ਜੀ ਦਾ ਇਸ਼ਨਾਨ ਕਰਾਇਆ। ਦਾਸ ਨੇ ਭੀ ਇਸ਼ਨਾਨ ਕੀਤਾ। ਨਿਤਨੇਮ ਉਪਰੰਤ ਫਿਰ ਆਪਣੇ ਸੁਭਾਅ ਮੁਤਾਬਿਕ ਡੇਰੇ ਦੀ ਸੁਖ-ਸਾਂਦ ਪੁੱਛੀ। ਮਾਲ ਡੰਗਰ ਵਾਲੇ ਪਾਸੇ ਫੇਰਾ ਮਾਰਿਆ। ਆਸਾ ਦੀ ਵਾਰ ਦਾ ਕੀਰਤਨ ਆਪ ਜੀ ਨੇ ਕੀਤਾ। ਅੱਜ ਸ. ਮਤਾਬ ਸਿੰਘ ਜੀ ਮੁਰਾਲੇ ਵਾਲਿਆਂ ਦੀ ਮਾਤਾ ਦਾ ਭੋਗ ਸੀ। ਬੜਾ ਭਾਰੀ ਇਕੱਠ ਸੀ, ਬਹੁਤ ਸਾਰੇ ਪਿੰਡਾਂ ਦੇ ਪਤਵੰਤੇ ਆਏ ਹੋਏ ਸਨ। ਸਭ ਨੇ ਮਹਾਂਪੁਰਖਾਂ ਦੇ ਦਰਸਨ ਕੀਤੇ।

ਆਪ ਜੀ ਨੇ ਕਈਆਂ ਨਾਲ ਮੇਰੀ ਜਾਣ-ਪਹਿਚਾਣ ਕਰਾਈ। ਮੈਂ ਕਈਆਂ ਨੂੰ ਪਹਿਲੇ ਹੀ ਜਾਣਦਾ ਸਾਂ। ਨਾਲ ਹੀ ਕਿਹਾ ਕਿ ਚੇਤ ਸਿੰਘ ਪੜ੍ਹ ਕੇ ਦੋ ਤਿੰਨ ਸਾਲ ਪਿੱਛੋਂ ਆਇਆ ਹੈ ਤੇ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਮੁੱਢੋਂ ਆਰੰਭ ਕਰੇਗਾ।

ਮੈਨੂੰ ਪਹਿਲੇ ਹੀ ਕਿਹਾ ਸੀ ਕਿ ਕਥਾ ਅੱਜ ਮੁੱਢ ਤੋਂ ਸ਼ੁਰੂ ਕਰ ਦੇਣੀ ਹੈ। ਮੈਂ ਕਿਹਾ-ਜੀ ਜਿਸ ਤਰ੍ਹਾਂ ਆਪ ਜੀ ਦਾ ਹੁਕਮ। ਸੰਗਤ ਨੂੰ ਭੀ ਦੱਸ ਦਿੱਤਾ। ਜਨਵਰੀ 1922 ਨੂੰ ਸੰਗਤਾਂ ਦੇ ਭਾਰੀ ਇਕੱਠ ਵਿਚ ਮਹਾਂਪੁਰਖਾਂ ਦੀ ਆਗਿਆ ਅਨੁਸਾਰ ਪਹਿਲੀ ਵੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਮੁਰਾਲੇ ਡੇਰੇ ਵਿਖੇ ਆਰੰਭ ਕੀਤਾ। ਕਥਾ ਦਾ ਸੰਗਤਾਂ ਦੇ ਉਤੇ ਬੜਾ ਪ੍ਰਭਾਵ ਪਿਆ। ਸੰਤ ਬਾਬਾ ਪ੍ਰੇਮ ਸਿੰਘ ਜੀ ਭੀ ਬਹੁਤ ਖੁਸ਼ ਹੋਏ। ਜਿਸ ਤਰ੍ਹਾਂ ਕਿ ਕਿਸੇ ਦਾ ਪੁੱਤਰ ਪੜ੍ਹਾਈ ਕਰਕੇ ਕੋਈ ਡਿਗਰੀ ਲੈ ਕੇ ਘਰ ਆਉਂਦਾ ਹੈ ਤੇ ਉਸਦੇ ਮਾਂ ਬਾਪ ਨੂੰ ਮਹਾਨ ਖੁਸ਼ੀ ਹੁੰਦੀ ਹੈ, ਇਸੇ ਤਰ੍ਹਾਂ ਮਹਾਂਪੁਰਖਾਂ ਨੂੰ ਮੇਰੇ ਪੜ੍ਹ ਕੇ ਆਉਣ ਤੇ ਬਹੁਤ ਖੁਸ਼ੀ ਹੋਈ, ਬੜਾ ਭਾਰੀ ਲੰਗਰ ਕੀਤਾ। ਇਕ ਦੋ ਦਿਨ ਮੁਰਾਲੇ ਰਹਿ ਕੇ ਵਾਪਸ ਸ਼ਾਮਕੇ ਪੁੱਜੇ।

### ਸਕੂਲ ਦੀ ਉਗਰਾਹੀ ਅਤੇ ਨਾਲ ਸਹਾਇਕ

ਟਾਂਡੇ ਇਕ ਉਦਾਸੀਆਂ ਦਾ ਡੇਰਾ ਸੀ। ਅਕਾਲੀ ਲਹਿਰ ਦੇ ਜ਼ੋਰ ਪਕੜਨ ਨਾਲ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਨੇ ਸਿੰਘਾਂ ਵਿਚ ਉਦਾਸੀਆਂ ਦੇ ਬਰਖਿਲਾਫ ਬੜੀ ਨਫ਼ਰਤ ਭਰ ਦਿੱਤੀ ਸੀ। ਇਸ ਕਰਕੇ ਟਾਂਡੇ ਦੇ ਸਿੰਘਾਂ ਨੇ ਮਿਲ ਕੇ ਸਾਧੂ ਨੂੰ ਕੱਢ ਦਿੱਤਾ ਅਤੇ ਇਸ ਡੇਰੇ ਨੂੰ ਅਕਾਲੀ ਗੁਰਦੁਆਰਾ ਨਾਮ ਦਿੱਤਾ ਗਿਆ। ਭਾਈ ਭਾਗ ਸਿੰਘ ਜੀ ਪਿੰਡ ਬਜ਼ੁਰਗਵਾਲ ਦੇ ਸਨ। ਪਲਟਨ 48 ਵਿਚ ਨੌਕਰੀ ਕੀਤੀ ਹੋਈ ਸੀ। ਉੱਥੇ ਚੰਗੇ ਸਿੰਘਾਂ ਦੀ ਸੰਗਤ ਹੋ ਗਈ, ਜੋ ਚੰਗੇ ਭਜਨੀਕ ਸਨ। ਭਾਈ ਭਾਗ ਸਿੰਘ ਜੀ ਨੂੰ ਭੀ ਚੰਗੀ ਨਾਮ ਦੀ ਰੰਗਤ ਚੜ੍ਹ ਗਈ। ਇਨ੍ਹਾਂ ਨੂੰ ਇਸ ਅਕਾਲੀ ਗੁਰਦੁਆਰੇ ਦੇ ਗ੍ਰੰਥੀ ਨਿਯਤ ਕਰ ਦਿੱਤਾ। ਇਨ੍ਹਾਂ ਦੇ ਨਾਲ ਹੀ ਭਾਈ ਕੇਹਰ ਸਿੰਘ ਜੀ ਭੀ ਫੌਜ ਵਿਚੋਂ ਆਏ ਸਨ, ਇਹ ਭੀ ਚੰਗੇ ਭਜਨੀਕ ਸਿੰਘ ਸਨ। ਇਹ ਲੁਧਿਆਣੇ ਦੇ ਜੱਟ ਸਿੰਘ ਸਨ, ਪਰ ਜੀਵਨ ਉਨ੍ਹਾਂ ਭੀ ਭਾਈ ਭਾਗ ਸਿੰਘ ਹੋਰਾਂ ਦੇ ਨਾਲ ਨਿਭਾਇਆ।

ਇਸ ਤਰ੍ਹਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਲ ਭਖੜੇ ਆਲੀ ਤੋਂ ਭਾਈ ਧਰਮ ਸਿੰਘ ਤੇ ਭਾਈ ਪਰਮ ਸਿੰਘ ਜੀ ਮੁਜ਼ੱਫਰਾਬਾਦ ਦੇ ਭੀ ਮਹਾਂਪੁਰਖਾਂ ਦੇ ਪਾਸ ਬਚਪਨ ਤੋਂ ਰਹਿੰਦੇ ਰਹੇ ਸਨ। ਇਸ ਤਰ੍ਹਾਂ ਛੇ ਸੱਤ ਸਿੰਘ ਇਧਰੋਂ ਪਿੰਡਾਂ ਵਿਚੋਂ ਸ. ਦਰਗਾਹ ਸਿੰਘ ਮਿਰਜ਼ਾਪੁਰ ਵਾਲੇ ਤੇ ਸ. ਤੇਜਾ ਸਿੰਘ ਨੰਗਲ ਭੁੱਚਰ ਵਾਲੇ ਸ. ਗੁਪਾਲ ਸਿੰਘ ਸੰਦਰਾਨਾ, ਸ. ਲਛਮਣ ਸਿੰਘ ਚੱਕ 37 ਪੱਤੋ ਵਾਲੇ ਤੇ ਨੰਬਰਦਾਰ ਸਾਧੂ ਸਿੰਘ ਨੰਗਲ ਦੁਨਾ ਸਿੰਘ ਆਦਿ, ਜਿਨ੍ਹਾਂ ਦੀ ਕਿ ਪਿੰਡਾਂ ਵਿਚ ਵਾਕਫੀਅਤ ਸੀ, ਇਕ ਚੰਗਾ ਜੱਥਾ ਆਪ ਜੀ ਨੇ ਆਪਣੇ ਨਾਲ ਲੈ ਲਿਆ।

ਪਹਿਲੇ ਕੋਟ ਪਿੰਡੀ ਦਾਸ ਆਦਿ ਪਿੰਡਾਂ ਵਿਚੋਂ ਹੋ ਆਏ ਸਨ, ਹੁਣ ਸ਼ਾਮਕਿਆਂ ਤੋਂ ਟਿੱਬਾ ਤੇ ਫਿਰ ਖੰਨਾ ਤੇ ਚੱਕ 32 ਵਿਚੋਂ ਹੋ ਕੇ ਫਿਰ ਲੁਧਿਆਂਵਲੀ, ਗਨੌਰ, ਵਾਂਢੇ, ਢੋਲਨ, ਸੰਦਰਾਨੇ, ਚੱਕੀਆਂ, ਮੰਝਪੁਰ ਡਿੰਗੇ, ਕੁੜੀਕੋਟ, ਗੜਾਂਗਵਾਲਾ, ਡਾਲਿਆਂ ਵਾਲੀ, ਨੰਗਲ ਦੁਨਾ ਸਿੰਘ, ਘੁਚਲੀ ਆਦਿ ਪਿੰਡਾਂ ਵਿਚ ਪੁੱਜੇ। ਮੰਝਪੁਰ ਵਿਚ ਜਵੰਦੇ ਸ਼ਾਹ ਜੱਟ ਨੇ ਗੁਰਦੁਆਰੇ ਵਿਚ ਲੱਗਣ ਵਾਲੀ ਸਾਰੀ ਲੱਕੜ ਆਪਣੇ ਪਾਸੋਂ ਦਿੱਤੀ ਤੇ ਮੰਝਪੁਰ ਆਪ ਜੀ ਦੀ ਪ੍ਰੇਰਨਾ ਨਾਲ ਗੁਰਦੁਆਰਾ ਬਣਿਆ। ਇਥੋਂ ਦੀ ਸੰਗਤ ਨੇ ਸਕੂਲ ਲਈ ਉਗਰਾਹੀ ਭੀ ਬੜੇ ਉਤਸ਼ਾਹ ਨਾਲ ਦਿੱਤੀ। ਇਥੇ ਸਾਲਾਨਾ ਜੋੜ ਮੇਲਾ ਕਰਨਾ ਸ਼ੁਰੂ ਕੀਤਾ, ਜਿਸ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਹਰ ਸਾਲ ਪੁੱਜਦੇ ਰਹੇ, ਪਹਿਲੇ ਮਹਾਂਪੁਰਖ ਕੀਰਤਨ ਕਰਦੇ। ਉਪਰੰਤ ਦਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਦਾ। ਕਥਾ ਕੀਰਤਨ ਦੀ ਸਮਾਪਤੀ ਉਪਰੰਤ ਅਰਦਾਸ ਕਰਕੇ ਫਿਰ ਉਗਰਾਹੀ ਲਈ ਅਪੀਲ ਕਰਨੀ ਤੇ ਸੰਗਤਾਂ ਨੂੰ ਦੱਸਿਆ ਜਾਂਦਾ ਕਿ ਆਪ ਜੀ ਨੂੰ ਸਕੂਲ ਖੋਲ੍ਹਣ ਦੀ ਕਿਉਂ ਲੋੜ ਪਈ। ਇਸ ਸਕੂਲ ਦਾ ਬਰਾਦਰੀ ਨੂੰ ਕੀ ਲਾਭ ਹੋਵੇਗਾ। ਭਾਵੇਂ ਟਾਂਡੇ ਸਕੂਲ ਖੋਲ੍ਹਣ ਦਾ ਦੂਰ-ਦੂਰ ਜ਼ਿਲ੍ਹਿਆਂ ਵਿਚ ਬਰਾਦਰੀ ਦੇ ਪਿੰਡਾਂ ਦੇ ਬੱਚਿਆਂ ਨੂੰ ਬਹੁਤ ਲਾਭ ਤਾਂ ਨਹੀਂ ਸੀ, ਪਰ ਫਿਰ ਭੀ ਕੇਵਲ ਮਹਾਂਪੁਰਖਾਂ ਦੇ ਬਚਨਾਂ ਨੂੰ ਮੋੜਨ ਦੀ ਸਮਰੱਥਾ ਨਾ ਰੱਖਦੇ ਹੋਇਆ ਆਪ ਜੀ ਜੋ ਭੀ ਆਪਣੀ ਰਸਨਾ ਤੋਂ ਬਚਨ ਕਹਿੰਦੇ, ਸੰਗਤਾਂ ਉਹ ਖਿੜੇ ਮੱਥੇ ਮੰਨਦੀਆਂ ਤੇ ਜਿਤਨੀ ਮਾਇਆ ਆਪ ਕਹਿੰਦੇ, ਹੱਥ ਜੋੜ ਕੇ ਦੇਂਦੇ।

ਇਸੇ ਤਰ੍ਹਾਂ ਆਪ ਜੀ ਨੇ ਇਕ ਦੌਰਾ ਤਹਿਸੀਲ ਸ਼ਾਹਦਰਾ ਦੇ ਬਾਵਕਵਾਲ ਅੱਯਾ, ਅੱਯਾ ਬੋਹੜ ਵਾਲਾ, ਲਬਾਨ ਵਾਲਾ, ਸ਼ਿਦੀ ਵਾਲ, ਖਰਿਆਲ, ਖੋਖਰ ਵਾਲੀ, ਮਸਚਕ, ਮੀਖੋ ਵਾਲੀ, ਅਵਾਨ ਮੈਹਿਮਦਪੁਰ ਆਦਿ ਪਿੰਡਾਂ ਵਿਚ ਕੀਤਾ। ਉਪਰੋਕਤ ਪ੍ਰੋਗਰਾਮ ਵਾਂਗ ਹੀ ਲੁਬਾਣਾ ਬਰਾਦਰੀ ਨੂੰ ਸਕੂਲ ਖੋਲ੍ਹਣ ਦੀ ਲੋੜ ਤੇ ਉਸਦੇ ਲਾਭ ਦੱਸ ਕੇ ਮਾਇਆ ਲਈ ਅਪੀਲ ਕਰਦੇ। ਸੰਗਤਾਂ ਬੜੀ ਫਰਾਖ-ਦਿਲੀ ਨਾਲ ਮਾਇਆ ਦੇਂਦੀਆਂ। ਕੁਝ ਉਧਾਰ ਭੀ ਕਰ ਦਿੰਦੇ। ਸੰਗਤਾਂ ਵਿਚ ਇਸ ਤਰ੍ਹਾਂ ਸਕੂਲ ਖੋਲ੍ਹਣ ਦਾ ਬੜਾ ਉਤਸ਼ਾਹ ਪਾਇਆ ਗਿਆ।

### ਢਾਮਕੇ ਸਾਧ, ਮਿੰਟਗੁਮਰੀ ਤੇ ਹੜੱਪੇ ਉਗਰਾਹੀ ਲਈ ਦੌਰਾ

1922 ਦੀ ਜੇਠ ਸੁਦੀ ਚੌਥ ਨੂੰ ਲਾਹੌਰ ਸੰਗਤਾਂ ਦਾ ਬੜਾ ਭਾਰੀ ਇਕੱਠ ਸੀ। ਅਕਾਲੀ ਲਹਿਰ ਜ਼ੋਰਾਂ 'ਤੇ ਸੀ। ਗੁਰਦੁਆਰਾ ਸੁਧਾਰ ਲਈ ਬੜੇ ਜ਼ੋਰ ਨਾਲ ਪ੍ਰਚਾਰ ਕੀਤਾ ਜਾ ਰਿਹਾ ਸੀ। ਇਸ ਗੁਰਪੁਰਬ 'ਤੇ ਕੌਮ ਦੇ ਵੱਡੇ-ਵੱਡੇ ਲੀਡਰ ਪੁੱਜੇ ਹੋਏ ਸਨ। ਸੰਤ ਬਾਬਾ ਪ੍ਰੇਮ ਸਿੰਘ ਜੀ ਡੇਹਰਾ ਸਾਹਿਬ ਇਸ ਸ਼ਹੀਦੀ ਪੁਰਬ 'ਤੇ ਪੁੱਜੇ। ਦਰਸ਼ਨ ਮੇਲੇ ਕੀਤੇ, ਲੀਡਰਾਂ ਦੇ ਲੈਕਚਰ ਸੁਣੇ, ਉਪਰੰਤ ਆਪ ਜੀ ਨੇ ਆਪਣੀ ਲਗਨ ਅਨੁਸਾਰ ਇਥੇ ਹੀ ਉਗਰਾਹੀ ਲਈ ਪ੍ਰੋਗਰਾਮ ਬਣਾ ਲਿਆ। ਹੇਠ ਲਿਖੇ ਸਾਥੀ ਆਪ ਜੀ ਦੇ ਨਾਲ ਸਨ। ਇਸ ਟੂਰ ਵਿਚ ਆਪ ਜੀ ਨੇ ਕਪਤਾਨ ਜਵਾਲਾ ਸਿੰਘ ਜੀ ਮੈਹਸਮ ਵਾਲੇ ਅਤੇ ਸ.

ਲਛਮਣ ਸਿੰਘ ਜੀ ਚੱਕ 37 ਪੱਤੋਂ ਵਾਲਿਆਂ ਨੂੰ ਭੀ ਆਪਣੇ ਨਾਲ ਲੈ ਲਿਆ। ਇਨ੍ਹਾਂ ਨੇ ਪਿੰਡ ਢਾਮਕੇ, ਟੋਗੀਆ, ਭੂਕਨ ਪੁਰਾ, ਸਾਧ ਨਥੇਕੇ, ਮੀਰਪੁਰ, ਸਾਧ ਕੁੱਤਿਆਂ ਵਾਲੀ, ਨਵਾਂ ਪਿੰਡ, ਝੁਗੀਆਂ ਆਦਿ ਪਿੰਡਾਂ ਦਾ ਦੌਰਾ ਕੀਤਾ। ਸੰਗਤਾਂ ਨੇ ਬੜੇ ਉਤਸ਼ਾਹ ਨਾਲ ਆਪ ਜੀ ਦੇ ਬਚਨਾਂ ਤੇ ਫੁੱਲ ਚੜ੍ਹਾਏ ਅਤੇ ਮਾਇਆ ਬੜੇ ਖੁਲ੍ਹੇ ਦਿਲ ਨਾਲ ਅਰਦਾਸ ਕਰਾਈ।

ਇਸ ਦੌਰੇ ਵਿਚ ਆਪ ਜੀ ਨੇ ਸ. ਲਛਮਨ ਸਿੰਘ ਜੀ ਦੇ ਚੱਕ 37 ਪੱਤੋ ਵਿਚ ਵੀ ਜਾ ਕੇ ਉਗਰਾਹੀ ਕੀਤੀ। ਪਿੰਡ ਝੁਗੀਆਂ ਵਿਚ ਸ਼ਹੀਦ ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ ਜੀ ਨੇ ਵੀ ਬੜੇ ਸਤਿਕਾਰ ਨਾਲ ਉਗਰਾਹੀ ਦਿੱਤੀ। ਆਪ ਜੀ ਸਮੇਤ ਆਪਣੇ ਜਥੇ ਦੇ ਮਿੰਟਗੁਮਰੀ ਦੇ ਪਾਸ ਚੱਕ 35 ਪੁੱਜੇ। ਇਥੇ ਕਪਤਾਨ ਦੂਲਾ ਸਿੰਘ ਜੀ, ਲਫਟੈਨ ਲਹਿਣਾ ਸਿੰਘ ਜੀ, ਸ. ਦਿਆਲ ਸਿੰਘ ਜੀ, ਸ. ਗਨੇਸ਼ਾ ਸਿੰਘ, ਕਪਤਾਨ ਸ਼ਾਮ ਸਿੰਘ ਜੀ ਆਦਿ ਸਰਦਾਰਾਂ ਦੇ ਮੁਰੱਬੇ ਸਨ। ਇਥੇ ਇਕ ਦੋ ਦਿਨ ਠਹਿਰੇ, ਪਰ ਗਰਮੀ ਬੜੀ ਜ਼ੋਰਾਂ 'ਤੇ ਸੀ। ਇਥੋਂ ਉਗਰਾਹੀ ਕਰਕੇ ਮਿੰਟਗੁਮਰੀ ਤੋਂ ਅੱਗੇ ਹੜੱਪੇ ਦੇ ਪਾਸ ਸ. ਗੁਰਦਿੱਤ ਸਿੰਘ ਜੀ ਬਜ਼ੁਰਗਵਾਲ ਵਾਲਿਆਂ ਦਾ ਚੱਕ ਸੀ, ਉਥੇ ਇਕ ਊਠ ਤੇ ਅਸੀਂ ਤਿੰਨ ਜਣੇ-ਦਾਸ, ਭਾਈ ਭਾਗ ਸਿੰਘ ਜੀ ਅਤੇ ਭਾਈ ਕੇਹਰ ਸਿੰਘ ਜੀ ਸੰਤ ਬਾਬਾ ਪ੍ਰੇਮ ਸਿੰਘ ਜੀ ਤੇ ਕਪਤਾਨ ਜੁਆਲਾ ਸਿੰਘ ਜੀ ਘੋੜੀਆਂ 'ਤੇ। ਅਸੀਂ ਤਾਂ ਪੁੱਜ ਗਏ ਪਰ ਸੰਤ ਬਾਬਾ ਪ੍ਰੇਮ ਸਿੰਘ ਜੀ ਸਾਥ ਨਾਲੋਂ ਖੁੰਝ ਗਏ। ਅੰਧੇਰਾ ਪੈ ਗਿਆ, ਜੰਗਲਾਂ ਦਾ ਰਸਤਾ, ਸਾਨੂੰ ਸਾਰਿਆਂ ਨੂੰ ਬੜੀ ਚਿੰਤਾ ਹੋਈ।

ਸ. ਗੁਰਦਿੱਤ ਸਿੰਘ ਜੀ ਨੇ ਬਾਂਸ ਨਾਲ ਲਾਲਟੈਨਾਂ ਬੰਨ੍ਹ ਕੇ ਉੱਤੇ ਕੋਠਿਆਂ 'ਤੇ ਖੜ੍ਹੀਆਂ ਕੀਤੀਆਂ ਕਿ ਜੇਕਰ ਰਸਤਾ ਭੁੱਲ ਜਾਣਗੇ ਤਾਂ ਭੀ ਰੌਸ਼ਨੀ ਵੇਖ ਕੇ ਆ ਜਾਣਗੇ। ਆਖਿਰ ਸੰਤ ਬਾਬਾ ਪ੍ਰੇਮ ਸਿੰਘ ਜੀ ਵੀ ਰੌਸ਼ਨੀ ਵੇਖ ਕੇ ਚੱਕ ਵਿਚ ਆ ਗਏ। ਸਾਰਿਆਂ 'ਚ ਜਾਨ ਪਈ ਤੇ ਘਬਰਾਹਟ ਦੂਰ ਹੋ ਗਈ। ਗਰਮੀ ਬੜੀ ਜ਼ੋਰ ਦੀ ਸੀ ਇਸ ਲਈ ਉਗਰਾਹੀ ਕਰਕੇ ਵਾਪਸ ਮੁਰਾਲੇ ਪੁੱਜ ਗਏ।

## ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਪਿਸ਼ਾਬ ਬੰਦ

ਸੰਨ 1922 ਦੀ ਅੱਤ ਦੀ ਗਰਮੀ ਵਿਚ ਆਪ ਜੀ ਨੇ ਟਾਂਡਾ ਸਕੂਲ ਦੀ ਉਗਰਾਹੀ ਲਈ ਦੌਰਾ ਕੀਤਾ, ਜਿਸ ਕਾਰਨ ਹਾੜ ਦੇ ਦਿਨਾਂ ਵਿਚ ਮੁਰਾਲੇ ਡੇਰੇ ਰਾਤ ਨੂੰ ਆਰਾਮ ਕਰ ਰਹੇ ਸਨ। ਦਾਸ ਭੀ ਉਨ੍ਹਾਂ ਦੇ ਪਾਸ ਹੀ ਹਮੇਸ਼ਾ ਵਾਂਗ ਸੁੱਤਾ ਹੋਇਆ ਸੀ। ਅਚਾਨਕ ਹੀ ਮੈਨੂੰ ਆਵਾਜ਼ ਦਿੱਤੀ। ਮੈਂ ਬੜਾ ਘਬਰਾਇਆ ਹੋਇਆ ਉੱਠਿਆ ਤੇ ਪੁੱਛਿਆ-ਮਹਾਰਾਜ ! ਦੱਸੋ ਹੁਕਮ ਕਰੋ। ਕਹਿਣ ਲੱਗੇ-ਪਿਸ਼ਾਬ ਨਹੀਂ ਆ ਰਿਹਾ। ਅੱਧੀ ਰਾਤ ਦਾ ਵਕਤ ਸੀ, ਬੜੀ ਜਲਦੀ ਦੋ ਵਾਕਫਕਾਰ ਬੰਦੇ ਖਾਰੀਆਂ ਡਾਕਟਰ ਨੂੰ ਲੈਣ ਲਈ ਭੇਜੇ। ਆਪ ਤੜਫ ਰਹੇ ਸਨ, ਪਰ ਸਤਿਨਾਮ ਵਾਹਿਗੁਰੂ ਹੀ ਆਪਣੀ ਰਸਨਾ ਤੋਂ ਉਚਾਰਨ ਕਰ ਰਹੇ ਸਨ। ਕੁਝ ਦੇਰ ਪਿਛੋਂ, ਪਰ ਆਪਣੇ ਵੱਲੋਂ ਬਹੁਤ ਜਲਦੀ ਡਾਕਟਰ ਸਾਹਿਬ ਪੁੱਜੇ। ਪਿਸ਼ਾਬ ਲਿਆਉਣ ਲਈ ਯਤਨ ਕੀਤਾ, ਪਰ ਡਾਕਟਰ ਨੇ ਕਿਹਾ ਕਿ ਮਸਾਨੇ ਵਿਚ ਪਿਸ਼ਾਬ ਨਹੀਂ ਹੈ। ਗਰਮੀ ਨਾਲ ਪਿਸ਼ਾਬ ਸੜ ਗਿਆ ਹੈ। ਕੁਝ ਆਹਰ-ਪਾਹਰ ਡਾਕਟਰ ਨੇ ਕੀਤਾ, ਕੁਝ ਠੰਢਾ ਪਾਣੀ ਪਿਆਇਆ, ਪਰ ਠੀਕ ਤਰ੍ਹਾਂ ਆਰਾਮ ਨਾ ਆਇਆ। ਫਿਰ ਮੰਡੀ ਬਹਾਉਦੀਨ 'ਚ ਹਕੀਮ ਮਹਾਂ ਸਿੰਘ ਬੜਾ ਸਿਆਣਾ ਸੀ, ਉਸ ਨੂੰ ਲੈਣ ਲਈ ਬੰਦਾ ਭੇਜਿਆ। ਉਹ ਮਹਾਂਪੁਰਖਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਸ ਨੇ ਕੁਝ ਦੁਆਈਆਂ ਦਿੱਤੀਆਂ, ਕੁਝ ਪਰਹੇਜ਼ ਦੱਸਿਆ ਅਤੇ ਗਰਮੀ ਵਿਚ ਬਾਹਰ ਜਾਣ ਤੋਂ ਰੋਕਿਆ। ਆਪ ਜੀ ਨੇ ਡੇਰੇ ਹੀ ਕੁਝ ਦਿਨ ਆਰਾਮ ਕੀਤਾ। ਪਿਛੋਂ ਜਦੋਂ ਸਿਆਲ ਵਿਚ ਕਾਲਰ ਦੇ ਪਿੰਡਾਂ ਵਿਚ ਦੌਰਾ ਕੀਤਾ ਤਾਂ ਮੰਝਪੁਰ ਦੇ ਨੇੜੇ ਇਕ ਨਾਲਾ ਪੈਂਦਾ ਸੀ, ਬਾਰਸ਼ ਹੋ ਗਈ, ਨਾਲੇ ਵਿਚ ਬੜਾ ਰੋੜ੍ਹੂ ਪਾਣੀ ਆ ਗਿਆ, ਪਰ ਜਾਣਾ ਜ਼ਰੂਰ ਸੀ। ਇਕ ਫੱਟੇ ਤੇ ਮਹਾਂਪੁਰਖਾਂ ਨੂੰ ਬਿਠਾ ਕੇ ਦੋ ਸਿੰਘਾਂ ਨੇ, ਜੋ ਤਾਰੂ ਸਨ ਆਪ ਤਰ ਕੇ ਆਪ ਜੀ ਨੂੰ ਪਾਰ ਲੰਘਾਇਆ। ਇਸ ਨਾਲੇ ਵਿਚੋਂ ਮਸਾਂ ਹੀ ਜਾਨਾਂ ਬਚਾ ਕੇ ਪਾਰ ਲੰਘੇ। ਮੇਰਾ ਲਿਖਣ ਦਾ ਭਾਵ ਇਹ ਹੈ ਕਿ ਆਪ ਜੀ ਨੇ ਇਸ ਬਰਾਦਰੀ ਲਈ ਕਿਤਨੀਆਂ ਤਕਲੀਫਾਂ ਝਾਗੀਆਂ, ਫਿਰ ਵੀ ਦਿਲ ਨਹੀਂ ਸਨ ਡੁਲਾਉਂਦੇ। ਆਪਣੀ ਧੁਨ ਨਾਲ ਲਗਾਤਾਰ ਰਾਤ ਦਿਨ ਟਾਂਡੇ ਸਕੂਲ ਦੇ ਸੰਬੰਧ ਵਿਚ ਹੀ ਸੋਚਦੇ ਰਹਿੰਦੇ ਸਨ।

## ਜੰਮੂ ਭਰੜੀ ਦੇ ਇਲਾਕੇ ਦਾ ਦੌਰਾ

ਸਰਦੀ ਦੇ ਦਿਨ ਸਨ। ਆਪ ਜੀ ਨੇ ਜੰਮੂ ਰਿਆਸਤ ਦੇ ਪਿੰਡਾਂ ਵਿਚ ਜਾਣ ਦਾ ਪ੍ਰੋਗਰਾਮ ਇਸ ਤਰ੍ਹਾਂ ਬਣਾਇਆ ਕਿ ਕੀਰ ਪਿੰਡ ਦੇ ਭਾਈ ਗੈਹਣਾ ਸਿੰਘ ਜੀ ਫੌਜ ਤੋਂ ਰਿਟਾਇਰ ਹੋ ਕੇ ਆਏ ਸਨ, ਬੜੇ ਭਜਨੀਕ, ਨਾਮ ਬਾਣੀ ਦੇ ਰਸੀਏ ਸਨ। ਆਪ ਜੀ ਮੁਰਾਲੇ ਪੁੱਜੇ ਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਚਰਨ ਪਰਸੇ, ਨਮਸ਼ਕਾਰ ਕੀਤੀ। ਮਹਾਂਪੁਰਖਾਂ ਪੁੱਛਿਆ-ਗੁਰਮੁਖ ਜੀ ! ਕਿਥੋਂ ਆਏ ਹੋ? ਆਪ ਜੀ ਨੇ ਕਿਹਾ ਕਿ ਮਹਾਰਾਜ ! ਜੰਮੂ ਦੀ ਰਿਆਸਤ ਵਿਚ ਕੀਰ ਪਿੰਡ ਹੈ, ਦਾਸ ਉਥੋਂ ਆਇਆ ਹੈ ਤੇ ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਦਾਸ ਨੇ ਅਖੰਡ ਪਾਠ ਕਰਾਉਣਾ ਹੈ ਤੇ ਆਪ ਜੀ ਦਰਸ਼ਨ ਦਿਉ। ਆਪ ਜੀ ਨੇ ਅਜੇ ਤੱਕ ਭਰੜੀ ਦੇ ਇਲਾਕੇ ਵਿਚ ਚਰਨ ਨਹੀਂ ਪਾਏ। ਇਸ ਤਰ੍ਹਾਂ ਆਪ ਜੀ ਦੇ ਸੰਗਤਾਂ ਨੂੰ ਦਰਸ਼ਨ ਭੀ ਹੋ ਜਾਣਗੇ। ਮਹਾਂਪੁਰਖਾਂ ਕਿਹਾ ਕਿ ਅਸੀਂ ਭੀ ਭਰੜੀ ਦੇ ਇਲਾਕੇ ਵਿਚ ਟਾਂਡੇ ਸਕੂਲ ਦੀ ਉਗਰਾਹੀ ਲਈ ਜਾਣਾ ਚਾਹੁੰਦੇ ਸਾਂ। ਭਾਈ ਗੈਹਣਾ ਸਿੰਘ ਜੀ ਨੇ ਕਿਹਾ ਕਿ ਮਹਾਰਾਜ ! ਨਾਲੇ ਸਕੂਲ ਦੀ ਉਗਰਾਹੀ ਉਸ ਇਲਾਕੇ ਵਿਚ ਹੋ ਜਾਵੇਗੀ, ਨਾਲੇ ਸੰਗਤਾਂ ਨੂੰ ਦਰਸ਼ਨ ਹੋ ਜਾਣਗੇ। ਮਹਾਂਪੁਰਖਾਂ ਭਾਈ ਗੈਹਣਾ ਸਿੰਘ ਜੀ ਦਾ ਬਚਨ ਮੰਨ ਲਿਆ ਤੇ ਤਾਰੀਖ ਦੇ ਦਿੱਤੀ। ਭਾਈ ਗੈਹਣਾ ਸਿੰਘ ਜੀ ਦਰਸ਼ਨ ਕਰਕੇ ਵਾਪਸ ਚਲੇ ਗਏ। ਸਾਰੇ ਇਲਾਕੇ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਭਰੜੀ ਵਿਚ ਪੁੱਜਣ ਦੀ ਖ਼ਬਰ ਦੇ ਦਿੱਤੀ ਤੇ ਦੱਸਿਆ ਕਿ ਸਭ ਤੋਂ ਪਹਿਲਾਂ ਭਾਈ ਗੈਹਣਾ ਸਿੰਘ ਜੀ ਦੇ ਘਰ ਅਖੰਡ ਪਾਠ ਤੇ ਭੋਗ ਤੇ ਕੀਰ ਪਿੰਡ ਪੁੱਜਣਗੇ। ਸੰਤ ਬਾਬਾ ਪ੍ਰੇਮ ਸਿੰਘ ਜੀ, ਦਾਸ, ਭਾਈ ਭਾਗ ਸਿੰਘ ਜੀ, ਭਾਈ ਕੇਹਰ ਸਿੰਘ ਜੀ ਆਦਿ ਸਾਰੇ ਸੱਜਣ ਨਾਲ ਲੈ ਕੇ ਨਿਯਤ ਤਾਰੀਖ ਤੇ ਕੀਰ ਪਿੰਡ ਪੁੱਜੇ। ਸੰਗਤਾਂ ਦਾ ਬੜਾ ਭਾਰੀ ਇਕੱਠ ਸੀ। ਅਖੰਡ ਪਾਠ ਦਾ ਭੋਗ ਪਿਆ। ਮਹਾਂਪੁਰਖਾਂ ਕੀਰਤਨ ਕੀਤਾ, ਦਾਸ ਨੇ ਕਥਾ ਕੀਤੀ। ਕਿਉਂਕਿ ਸਾਰੇ ਇਲਾਕੇ ਵਿਚ ਇਹ ਖ਼ਬਰ ਪੁੱਜ ਗਈ ਸੀ ਕਿ ਅਮਕੀ ਤਾਰੀਖ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਕੀਰ ਪਿੰਡ ਪੁੱਜਣਗੇ, ਸੋ ਸੰਗਤਾਂ ਨੂੰ ਦਰਸ਼ਨ ਦੀ ਬੜੀ ਭਾਰੀ ਉਮੰਗ ਸੀ। ਮੈਨੂੰ ਯਾਦ ਹੈ ਕਿ ਲੰਗਰ ਦੀ ਸੇਵਾ ਭਾਈ ਗੈਹਣਾ ਸਿੰਘ ਜੀ ਨੇ ਬੜੇ ਉਤਸ਼ਾਹ ਨਾਲ ਕੀਤੀ। ਲੰਗਰ ਛਕਣ ਤੋਂ ਉਪਰੰਤ ਸੰਗਤਾਂ ਨੇ ਮਹਾਂਪੁਰਸ਼ਾਂ ਨੂੰ ਆਰਾਮ ਭੀ ਨਹੀਂ ਸੀ ਕਰਨ ਦਿੱਤਾ ਅਤੇ ਜਿਸ ਕਮਰੇ ਵਿਚ ਮਹਾਂਪੁਰਖ ਆਰਾਮ ਕਰ ਰਹੇ ਸਨ, ਉਸ ਦੇ ਅੱਗੇ ਭੀੜ ਲੱਗੀ ਹੋਈ ਸੀ। ਦਰਸ਼ਨਾਂ ਦੀ ਭਾਰੀ ਖਿੱਚ ਸੀ।

ਅਖੀਰ ਅਸੀਂ ਆਪ ਜੀ ਨੂੰ ਬਾਹਰ ਖੁੱਲ੍ਹੀ ਥਾਂ ਵਿਚ ਲਿਆ ਕੇ ਮੰਜੇ ਤੇ ਬਿਠਾਇਆ, ਵਾਰੋ ਵਾਰੀ ਸੰਗਤਾਂ ਨੂੰ ਦਰਸ਼ਨ ਕਰਵਾਏ ਤੇ ਨਾਲ ਹੀ ਸੰਗਤਾਂ

ਨੂੰ ਬਿਠਾ ਕੇ ਚੰਗੀ ਤਰ੍ਹਾਂ ਦੱਸਿਆ ਕਿ ਭਾਈ ਗੈਹਣਾ ਸਿੰਘ ਜੀ ਨੇ ਉੱਦਮ ਕੀਤਾ ਹੈ, ਸੰਗਤਾਂ ਦੇ ਦਰਸ਼ਨ ਕਰਾਏ ਹਨ। ਮਹਾਂਪੁਰਖ ਬੜੇ ਖੁਸ਼ ਹਨ ਜੋ ਤੁਸੀਂ ਇਸ ਸਮਾਗਮ ਵਿਚ ਹੁਮ-ਹੁਮਾ ਕੇ ਪੁੱਜੇ ਹੋ। ਮਹਾਂਪੁਰਖਾਂ ਨੇ ਟਾਂਡੇ ਖਾਲਸਾ ਹਾਈ ਸਕੂਲ ਖੋਲ੍ਹਿਆ ਹੈ, ਇਹ ਬੜਾ ਵੱਡਾ ਕੰਮ ਹੈ। ਇਸ ਲਈ ਸਾਰੇ ਬਰਾਦਰੀ ਦੇ ਪਿੰਡਾਂ ਨੇ ਉਸ ਵਿਚ ਹਿੱਸਾ ਪਾਉਣਾ ਹੈ।ਆਪ ਜੀ ਤੁਹਾਡੇ ਸਾਰੇ ਪਿੰਡਾਂ ਵਿਚ ਭੀ ਪੁੱਜ ਕੇ ਦਰਸ਼ਨ ਦੇਣਗੇ। ਤੁਸੀਂ ਬੜੇ ਦਿਲ ਖੋਲ੍ਹ ਕੇ ਮਾਇਆ ਦੇ ਕੇ ਮਹਾਂਪੁਰਖਾਂ ਦੀ ਖੁਸ਼ੀ ਹਾਸਲ ਕਰਨੀ ਹੈ. ਇਸ ਤਰ੍ਹਾਂ ਦਾਸ ਨੇ ਸਾਰੀਆਂ ਸੰਗਤਾਂ ਨੂੰ ਸੂਚਨਾ ਦੇ ਦਿੱਤੀ। ਇਕ ਦੋ ਦਿਨ ਕੀਰ ਪਿੰਡ ਉਗਰਾਹੀ ਕੀਤੀ। ਇਸ ਪਿੰਡ ਦੀ ਸੰਗਤ ਨੇ ਬੜੀ ਖੁੱਲ੍ਹ ਦਿਲੀ ਨਾਲ ਮਾਇਆ ਅਰਦਾਸ ਕਰਾਈ। ਇਥੋਂ ਸ. ਉੱਤਮ ਸਿੰਘ, ਸ. ਫੱਗਾ ਸਿੰਘ, ਭਾਈ ਗੈਹਣਾ ਸਿੰਘ ਜਮੇਦਾਰ ਤੇ ਗੈਹਣਾ ਸਿੰਘ ਜੋ ਇਲਾਕੇ ਦੇ ਸੱਜਣ ਵਾਕਫ ਸਨ, ਨਾਲ ਲਏ ਅਤੇ ਭਾਊ ਕੋਟਲੀ ਹੀਰੂ, ਕੋਟਲੀ ਅਰਜਨ ਸਿੰਘ, ਦਬਲੈੜ, ਜੰਗੂ ਚੱਕ, ਸਿੰਬਲੀ, ਸੁਜਮਾ ਅਤੇ ਬੜੀ ਦੂਰ ਜੰਮੂ ਤੋਂ ਉੱਤੇ ਪਹਾੜ ਵਿਚ ਜੁੰਗਵੜੀ ਆਦਿ (ਕਈ ਪਿੰਡਾਂ ਦੇ ਨਾਮ ਯਾਦ ਭੀ ਨਹੀਂ ਰਹੇ)। ਪਿੰਡਾਂ ਵਿਚ ਉਗਰਾਹੀ ਕਰਦੇ ਵਾਪਸ ਘੋੜੀਆਂ ਤੇ ਹੌਂਡ ਮੁਰਾਲੇ ਰਾਹੀਂ ਟਾਂਡੇ ਪੁੱਜੇ। ਸੰਤ ਮਹਾਰਾਜ ਜੀ ਨੇ ਬੜੀ ਖੁਸ਼ੀ ਪ੍ਰਗਟ ਕੀਤੀ। ਭਰੜੀ ਦੇ ਇਲਾਕੇ ਉੱਤੇ ਇਨ੍ਹਾਂ ਬੜੇ ਥੋੜ੍ਹੇ ਦਿਨਾਂ ਵਿਚ ਦਸ ਹਜ਼ਾਰ ਰੁਪਯਾ ਨਕਦ ਦਿੱਤਾ। ਇਹ ਉਹ ਸਮਾਂ ਸੀ ਦੋਂ ਪੈਸਾ ਬੜਾ ਮੁਸ਼ਕਲ ਬਣਦਾ ਸੀ। ਇਸੇ ਲਈ ਜਦੋਂ ਸਕੂਲ ਦੇ ਨਾਲ ਹੋਸਟਲ ਬਣਿਆ ਤਾਂ ਆਪ ਜੀ ਨੇ ਭਰੜੀ ਇਲਾਕੇ ਦਾ, ਹੋਸਟਲ ਦੇ ਗੇਟ ਤੇ ਪੱਥਰ ਲੁਆਇਆ।ਆਪ ਇਸ ਇਲਾਕੇ ਦੀਆਂ ਸੰਗਤਾਂ ਦਾ ਪ੍ਰੇਮ ਤੇ ਉਤਸ਼ਾਹ ਵੇਖ ਕੇ ਬਹੁਤ ਖੁਸ਼ ਸਨ। ਭਾਈ ਗੈਹਣਾ ਸਿੰਘ ਜੀ ਦੇ ਉੱਤੇ ਭੀ ਮਹਾਂਪੁਰਖ ਬੜੇ ਖੁਸ਼ ਹੋਏ ਅਤੇ ਨਿਹਾਇਤ ਪ੍ਰਸੰਨਤਾ ਪ੍ਰਗਟ ਕੀਤੀ।

ਜੰਮੂ ਰਿਆਸਤ ਵਿਚ ਹੀ ਰਨਬੀਰ ਸਿੰਘ ਪੁਰੇ ਦੇ ਪਾਸ ਸ. ਵਸਾਖਾ ਸਿੰਘ ਦੇ ਕੋਠੇ ਪਿੰਡ ਵਿਚ ਸ. ਹਰਨਾਮ ਸਿੰਘ, ਸ. ਬਰਕਤ ਸਿੰਘ ਰਹਿੰਦੇ ਸਨ, ਇਨ੍ਹਾਂ ਨੇ ਮਹਾਂਪੁਰਖਾਂ ਦੀ ਬੜੀ ਸੇਵਾ ਕੀਤੀ ਅਤੇ ਬੜੇ ਖੁਲ੍ਹੇ ਦਿਲ ਨਾਲ ਸਕੂਲ ਲਈ ਮਾਇਆ ਅਰਦਾਸ ਕਰਾਈ। ਇਨ੍ਹਾਂ ਨੇ ਆਪਣੇ ਪਿਤਾ ਦੇ ਨਾਮ ਤੇ ਹੀ ਪਿੰਡ ਆਬਾਦ ਕੀਤਾ ਸੀ। ਇਥੇ ਜ਼ਮੀਨ ਲੈ ਕੇ ਆਪਣਾ ਖੇਤੀ ਦਾ ਕਾਰੋਬਾਰ ਅਤੇ ਆਪਣੀਆਂ ਬੱਸਾਂ ਬਣਾ ਕੇ ਟਰਾਂਸਪੋਰਸ ਦਾ ਕੰਮ ਸ਼ੁਰੂ ਕੀਤਾ। ਸ. ਹਰਨਾਮ ਸਿੰਘ ਜੀ ਨੇ ਜੰਮੂ ਕਸ਼ਮੀਰ ਬੱਸ ਸਰਵਿਸ ਕੰਪਨੀ ਬਣਾਈ। ਬੜਾ ਚੰਗਾ ਕੰਮ ਚਲਿਆ। ਇਨ੍ਹਾਂ ਆਪਣੀਆਂ ਬੱਸਾਂ ਲਿਜਾ ਕੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਇਲੈਕਸ਼ਨ ਵਿਚ ਭੀ ਬੜਾ ਕੰਮ ਕੀਤਾ ਤੇ ਆਪਣੀ ਕਮਾਈ ਵਿਚੋਂ ਚਾਲੀ ਹਜ਼ਾਰ ਰੁਪਏ ਦੀ ਸ੍ਰੀ ਦਰਬਾਰ ਸਾਹਿਬ ਦੀ ਦੁੱਖ ਭੰਜਨੀ ਸਾਹਿਬ ਵਾਲੀ ਡਿਉਢੀ ਵਿਚ ਸੇਵਾ ਕੀਤੀ, ਇਨ੍ਹਾਂ ਦੇ ਨਾਮ ਦਾ ਲੱਗਾ ਹੋਇਆ ਪੱਥਰ ਭੀ ਸੋਭ ਰਿਹਾ ਹੈ। ਇਨ੍ਹਾਂ ਦਾ ਪਰਿਵਾਰ ਹੁਣ ਜੰਮੂ ਹੀ ਨਿਵਾਸ ਕਰਦਾ ਹੈ।

### ਟਾਂਡਾ ਹਾਈ ਸਕੂਲ ਦੀ ਇਮਾਰਤ ਦੀ ਨੀਂਹ ਤੇ ਨੀਂਹ ਦੀ ਪੁਟਾਈ

ਹਾਈ ਸਕੂਲ ਦੀ ਇਮਾਰਤ ਦਾ ਨਕਸ਼ਾ ਗੌਰਮੈਂਟ ਨੇ ਐੱਚ ਦੀ ਸ਼ਕਲ ਦਾ ਪਾਸ ਕੀਤਾ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਸਾਰੇ ਪਿੰਡਾਂ ਵਿਚ ਇਹ ਸੂਚਨਾ ਦੇ ਦਿੱਤੀ ਕਿ ਜਿਹੜਾ ਪ੍ਰੇਮੀ ਪੰਜ ਸੌ ਰੁਪਯਾ ਦੇਵੇਗਾ ਉਸ ਦੇ ਨਾਮ ਦਾ ਕਮਰੇ ਤੇ ਪੱਥਰ ਲੁਆ ਦਿੱਤਾ ਜਾਵੇਗਾ। ਇਸ ਤਰ੍ਹਾਂ ਬਹੁਤ ਸਾਰੇ ਸਿੰਘਾਂ ਨੇ ਪੰਜ-ਪੰਜ ਸੌ ਰੁਪਯਾ ਦਿੱਤਾ। ਕਈ ਹਜ਼ਾਰ-ਹਜ਼ਾਰ ਰੁਪਯਾ ਭੀ ਦਿੱਤਾ। ਮਹਾਂਪੁਰਖਾਂ ਦੀ ਆਗਿਆ ਨਾਲ ਅੰਮ੍ਰਿਤਸਰ ਤੋਂ ਪੱਥਰ ਬਣਵਾਏ, ਜਿਨ੍ਹਾਂ ਪੱਥਰਾਂ ਦੀ ਇਬਾਰਤ ਭੀ ਦਾਸ ਨੇ ਲਿਖੀ ਅਤੇ ਬਣਵਾ ਕੇ ਭੀ ਦਾਸ ਹੀ ਲਿਆਇਆ।

ਕਪਤਾਨ ਮਹਿੰਗਾ ਸਿੰਘ ਜੀ ਟਾਂਡੇ ਦੇ ਉਸ ਵਕਤ ਚੰਗੇ ਮੰਨੇ-ਪ੍ਰਮੰਨੇ ਸੱਜਣ ਸਨ।ਅਜੇ ਨੌਕਰੀ ਤੇ ਹੀ ਸਨ, ਉਹ ਛੁੱਟੀ ਆਏ, ਉਨ੍ਹਾਂ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਸਕੂਲ ਦੀ ਉਗਰਾਹੀ ਲਈ ਕਿਹਾ। ਕਪਤਾਨ ਸਾਹਿਬ ਕਹਿਣ ਲੱਗੇ-ਬਾਬਾ ਜੀ ਜੋ ਆਪ ਹੁਕਮ ਕਰੋ। ਕਹਿਣ ਲੱਗੇ-ਕਪਤਾਨ ਜਵਾਲਾ ਸਿੰਘ ਜੀ ਨੇ ਤਿੰਨ ਹਜ਼ਾਰ ਰੁਪਯਾ ਦਿੱਤਾ ਹੈ; ਤੁਹਾਡੇ ਪਾਸੋਂ ਸਾਢੇ ਤਿੰਨ ਹਜ਼ਾਰ ਲੈਣਾ ਹੈ। ਕਪਤਾਨ ਸਾਹਿਬ ਕਹਿਣ ਲੱਗੇ-ਬਾਬਾ ਜੀ ਮਾਇਆ ਤੇ ਆਪ ਦੀ ਦਿੱਤੀ ਹੋਈ ਹੈ, ਜੋ ਹੁਕਮ ਕਰੋ ਦਾਸ ਹਾਜ਼ਰ ਹੈ। ਇਸ ਤਰ੍ਹਾਂ ਕਪਤਾਨ ਮਹਿੰਗਾ ਸਿੰਘ ਨੇ ਇਸ ਹਾਈ ਸਕੂਲ ਲਈ ਸਾਢੇ ਤਿੰਨ ਹਜ਼ਾਰ ਰੁਪਯਾ ਦੇ ਕੇ ਮਹਾਂਪੁਰਖਾਂ ਦੀ ਮਹਾਨ ਖੁਸ਼ੀ ਹਾਸਲ ਕੀਤੀ। ਸਾਰੀ ਬਰਾਦਰੀ ਵਿਚੋਂ ਵੱਧ ਮਾਇਆ ਕਪਤਾਨ ਸਾਹਿਬ ਮਹਿੰਗਾ ਸਿੰਘ ਜੀ ਨੇ ਅਰਦਾਸ ਕਰਾਈ। ਮਹਾਂਪੁਰਖਾਂ ਨੇ ਨੀਂਹ ਰੱਖਣ ਵਾਲੇ ਦਿਨ ਸੰਗਤਾਂ ਦਾ ਭਾਰੀ ਇਕੱਠ ਕੀਤਾ। ਬਹੁਤ ਸਾਰੇ ਲੱਡੂ ਮੰਗਵਾਏ, ਅਰਦਾਸ ਕੀਤੀ, ਉਪਰੰਤ ਬੜੀ ਭਾਰੀ ਜੈਕਾਰਿਆਂ ਦੀ ਗੂੰਜ ਨਾਲ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਮਹੱਲੇ ਵਾਰ ਨੀਹਾਂ ਪੁੱਟਣ ਲਈ ਵੰਡ ਕਰ ਦਿੱਤੀ। ਪਿੰਡ ਟਾਂਡੇ ਤੇ ਕਿਲ੍ਹੇ ਆਦਿ ਦੀਆਂ ਸਭ ਸੰਗਤਾਂ ਬੜੇ ਉਤਸ਼ਾਹ ਨਾਲ ਨੀਹਾਂ ਪੁੱਟਣ ਦੀ ਸੇਵਾ ਕਰਨ ਲਈ ਡਟ ਗਈਆਂ।

## ਜਮੇਦਾਰ ਨਾਨਕ ਸਿੰਘ ਜੀ ਵੱਲੋਂ ਨੀਂਹ ਨੂੰ ਰੋਕਣਾ

ਜਦੋਂ ਟਾਂਡੇ ਸਕੂਲ ਦੀ ਨੀਂਹ ਰੱਖਣ ਲੱਗੇ ਤਾਂ ਜਮੇਦਾਰ ਨਾਨਕ ਸਿੰਘ ਗੜ੍ਹੀ ਵਾਲਿਆਂ ਨੇ ਰੋਕ ਪਾ ਦਿੱਤੀ। ਕਹਿਣ ਲੱਗਾ-ਇਥੇ ਕੰਧ ਬਣਨ ਨਾਲ ਬੰਨ੍ਹੀ ਵਿਚ ਪਾਣੀ ਨਹੀਂ ਆਵੇਗਾ। ਸਾਰਿਆਂ ਬਹੁਤ ਸਮਝਾਇਆ ਪਰ ਉਸ ਨੇ ਕਿਸੇ ਦੀ ਗੱਲ ਨਾ ਮੰਨੀ। ਸੰਤ ਮਹਾਰਾਜ ਬੜੇ ਔਖੇ ਹੋਏ ਤੇ ਕਹਿਣ ਲੱਗੇ-ਚਲੋ ਥੋੜ੍ਹੀ ਪਿੱਛੇ ਕਰ ਲਵੋ। ਨੀਂਹ ਦੀ ਪੁਟਾਈ ਪਿੱਛੇ ਕਰ ਲਈ। ਕੁਝ ਦਿਨ ਪਿਛੋਂ ਜਮੇਦਾਰ ਬੀਮਾਰ ਹੋ ਗਿਆ। ਕਈ ਉਪਾਅ ਕੀਤੇ। ਆਰਾਮ ਨਾ ਆਇਆ। ਸੰਤ ਮਹਾਰਾਜ ਨੂੰ ਉਸ ਵੱਲੋਂ ਭੇਜੇ ਬੰਦੇ ਕਹਿਣ ਲੱਗੇ-ਜੀ ਜਮੇਦਾਰ ਨਾਨਕ ਸਿੰਘ ਬਹੁਤ ਬੀਮਾਰ ਹੈ ਤੇ ਆਪ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਦਾਸ ਵੀ ਨਾਲ ਸੀ। ਕਿਲ੍ਹੇ ਸੂਰਾ ਸਿੰਘ ਤੋਂ ਸਿੱਧੇ ਟਾਂਡੇ ਜਮੇਦਾਰ ਨਾਨਕ ਸਿੰਘ ਦੇ ਘਰ ਪੁੱਜੇ। ਜਮੇਦਾਰ ਨੇ ਸੰਤਾਂ ਦੇ ਚਰਨ ਫੜ ਲਏ, ਆਪਣੀ ਭੁੱਲ ਬਖਸ਼ਾਉਣ ਲਈ ਕਹਿਣ ਲੱਗਾ-ਮਾਫ਼ ਕਰ ਦਿਉ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਕੇਵਲ ਇਹ ਬਚਨ ਕੀਤਾ-ਜਮੇਦਾਰ ਜੀ, ਇਸ ਵੇਰ ਬੰਨ੍ਹੀ ਵਿਚ ਪਾਣੀ ਆ ਗਿਆ ਸੀ ਕਿ ਨਹੀਂ। ਹੱਥ ਜੋੜੇ, ਕਹਿਣ ਲੱਗਾ-ਜੀ ਦਾਸ ਦੀ ਭੁੱਲ ਮਾਫ ਕਰੋ। ਮਹਾਂਪੁਰਖ ਕਹਿਣ ਲੱਗੇ ਕੋਈ ਗੱਲ ਨਹੀਂ, ਜੋ ਕੁਝ ਹੈ ਸਭ ਉਸ ਕਰਤਾਰ ਦੇ ਵੱਸ ਹੈ, ਕਿਸੇ ਦੇ ਵੱਸ ਕੁਝ ਨਹੀਂ। ਅਗਲੇ ਦਿਨ ਜਮੇਦਾਰ ਨਾਨਕ ਸਿੰਘ ਦੀ ਮੌਤ ਹੋ ਗਈ। ਉੱਥੇ ਕਈਆਂ ਕੋਲੋਂ ਸੁਣਿਆ ਕਿ ਜਮੇਦਾਰ ਨੂੰ ਹਮੀਰਪੁਰ, ਜੋ ਪਹਾੜ ਵਿਚ ਸੀ, ਉਥੇ ਇਕ ਸਾਧ ਰੋੜੂ ਰਾਮ ਰਹਿੰਦਾ ਸੀ, ਉਸ ਪਾਸ ਲੈ ਗਏ। ਉਸ ਨੇ ਦੇਖਦਿਆਂ ਹੀ ਕਿਹਾ ਕਿ ਮੇਰੇ ਪਾਸ ਕਾਹਦੇ ਲਈ ਲਿਆਏ ਹੋ, ਜਿਨ੍ਹਾਂ ਦੀ ਫਿਟਕ ਵੱਜੀ ਹੈ, ਉਨ੍ਹਾਂ ਪਾਸ ਲੈ ਜਾਵੋ। ਇਸ ਲਈ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਮਾਫੀ ਮੰਗਣ ਲਈ ਜਮੇਦਾਰ ਨਾਨਕ ਸਿੰਘ ਨੇ ਮੰਗਵਾਇਆ ਸੀ।

# ਇਨਸਾਨੀ ਸੋਚ ਤੇ ਦੋਗਲਾਪਨ



ਹਾਲੇ ਤਕ ਨਾ ਕੋਈ ਦੇਵੀ ਦੇਵਤਾ, ਨਾ ਕੋਈ ਪੀਰ ਪੈਗੰਬਰ ਤੇ ਨਾ ਹੀ 'ਰਬ' ਸਮੁੱਚੇ ਮਨੁੱਖੀ ਜਾਮੇ ਵਿਚ ਘੁੰਮ ਰਹਿਆਂ ਨੂੰ ਪੂਰੀ ਤਰ੍ਹਾਂ ਆਪਣੀ ਸੋਚ ਨਾਲ ਜੋੜ ਸਕਿਆ ਹੈ। ਜਿੰਨੇ ਜਣੇ ਕਿਸੇ ਇਕ ਸੋਚ ਨਾਲ ਜੁੜੇ ਹੁੰਦੇ ਹਨ, ਉਸਤੋਂ ਦੁਗਣੀ ਗਿਣਤੀ ਵਿਚ ਲੋਕ ਉਸ ਸੋਚ ਦੇ ਉਲਟ ਵਿਚਾਰ ਰੱਖਦੇ ਹੋਏ ਉਸਦੇ ਵਿਰੁੱਧ ਅਵਾਜ਼ ਵੀ ਚੁੱਕਦੇ ਹਨ ਜਾਂ ਉੱਕਾ ਹੀ ਕਿਨਾਰਾ ਕਰ ਜਾਂਦੇ ਹਨ।




ਡਾ. ਹਰਸ਼ਿੰਦਰ ਕੌਰ

ਐਮ.ਡੀ.

0175-2216783


ਜੇ ਇਹ ਹਾਲਾਤ ਹੋਣ ਤਾਂ ਫੇਰ ਭਲਾ ਕਿਸੇ ਇਕ ਇਨਸਾਨ ਦੀ ਸੋਚ ਹੋਰਨਾਂ ਸਾਰੇ ਇਨਸਾਨਾਂ ਨਾਲ ਕਿਵੇਂ ਜੁੜ ਸਕਦੀ ਹੈ? ਇਸ ਲਈ ਦੁਨੀਆ ਦੇ ਕਿਸੇ ਵੀ ਕੋਨੇ ਵਿੱਚੋਂ ਅਜਿਹੀ ਕੋਈ ਇਕਸੁਰਤਾ ਦੀ ਆਵਾਜ਼ ਨਹੀਂ ਸੁਣੀ ਗਈ ਜਿਸ ਵਿਚ ਸਮੁੱਚੇ ਸੰਸਾਰ ਵਿਚ ਵਸ ਰਹੇ ਹਰ ਇਨਸਾਨ ਦੀ ਕਿਸੇ ਇਕ ਪੱਖ ਉੱਤੇ ਇੱਕੋ ਰਾਇ ਬਣ ਗਈ ਹੋਵੇ। ਅੱਜ ਦੇ ਜ਼ਮਾਨੇ ਵਿਚ ਵੀ ਕੁੱਝ ਇਕ ਬਜ਼ੁਰਗ ਮਿਲ ਜਾਂਦੇ ਹਨ ਜੋ ਇਹ ਮੰਨਣ ਨੂੰ ਤਿਆਰ ਨਹੀਂ ਕਿ ਧਰਤੀ ਗੋਲ ਹੈ! "ਬਈ ਪਰਲੇ ਸਿਰੇ ਤੇ ਪਹੁੰਚ ਕੇ ਸਮੁੰਦਰਾਂ ਦਾ ਪਾਣੀ ਹੇਠਾਂ ਰੁੜ੍ਹ ਕੇ ਖ਼ਤਮ ਹੋ ਗਿਆ ਹੁੰਦਾ! ਇਹ ਸਭ ਐਵੇਂ ਮਨਘੜ੍ਹਤ ਗੱਲਾਂ ਨੇ। ਧਰਤੀ ਤਾਂ ਚੌਰਸ ਹੀ ਹੈ ਭਾਵੇਂ ਕੋਈ ਕੁੱਝ ਕਹੀ ਜਾਏ," ਇਹ ਗੱਲ ਮੇਰੇ ਨਾਲ ਇਕ ਅਨਪੜ੍ਹ ਬਜ਼ੁਰਗ ਨੇ ਉਸ ਵੇਲੇ ਕੀਤੀ ਜਦੋਂ ਮੈਂ ਮੈਡੀਕਲ ਕੈਂਪ ਲਾਉਣ ਉਸ ਪਿੰਡ ਵਿਚ ਆਪਣੇ ਪਤੀ ਨਾਲ ਗਈ ਸੀ।

ਜੇ ਹਾਲਾਤ ਇਹ ਹੋਣ ਕਿ ਸਾਬਤ ਹੋ ਚੁੱਕੇ ਵਿਗਿਆਨਿਕ ਤੱਥਾਂ ਬਾਰੇ ਵੀ ਇਕਸੁਰਤਾ ਨਹੀਂ ਤਾਂ ਅੱਜ ਦੇ ਦਿਨ ਕਿਸੇ ਇਨਸਾਨ ਦੀ ਰਾਇ ਨਾਲ ਸਾਰੇ ਸਹਿਮਤੀ ਕਿੰਜ ਪ੍ਰਗਟਾਉਣ। ਸਪਸ਼ਟ ਹੈ ਕਿ ਕਿਸੇ ਵੀ ਸੋਚ ਦੇ ਵਿਰੁੱਧ ਕਿਸੇ ਨਾ ਕਿਸੇ ਕੋਨੇ ਵਿਚ ਜ਼ੋਰਦਾਰ ਅਵਾਜ਼ ਜ਼ਰੂਰ ਉਠ ਜਾਣੀ ਹੈ। ਜਿੰਨਾ ਵੱਧ ਅਸਰਦਾਰ ਤੇ ਨਾਮਵਰ ਇਨਸਾਨ ਹੋਵੇਗਾ ਤੇ ਜਿੰਨੀ ਉੱਚੀ ਅਵਾਜ਼ ਚੁੱਕੀ ਜਾਏਗੀ, ਇੰਨ ਬਿੰਨ ਓਨੀ ਹੀ ਉਲਟ ਅਵਾਜ਼ ਚੁੱਕੀ ਜਾਣੀ ਲਾਜ਼ਮੀ ਹੈ। ਇਸ ਨਾਲ ਇਕ ਤਰ੍ਹਾਂ ਦੂਜਾ ਜਣਾ ਆਪਣੀ ਹੋਂਦ ਦਾ ਇਹਸਾਸ ਵੀ ਕਰਵਾਉਂਦਾ ਹੈ।

ਇਹੀ ਕਾਰਣ ਹੈ ਕਿ ਨਿੱਕੇ ਬੱਚੇ ਨੂੰ ਜਦੋਂ ਮਾਪੇ ਆਪਣਾ ਹੁਕਮ ਸੁਣਾਉਂਦੇ ਹਨ, ਤਾਂ ਉਹ ਆਪਣੀ ਅਜ਼ਾਦੀ ਖੁੱਸਦੀ ਹੋਈ ਮੰਨ ਕੇ ਆਖਾ ਨਾ ਮੰਨਣ ਨੂੰ ਤਰਜੀਹ ਦਿੰਦਾ ਹੈ। ਪਰ ਜਦੋਂ ਬੱਚੇ ਦੀ ਸਹਿਮਤੀ ਨਾਲ, ਉਸਨੂੰ ਪਲੋਸ ਕੇ ਪਿਆਰ ਨਾਲ ਸਮਝਾਈਏ ਤਾਂ ਬੱਚਾ ਬਹੁਤੀ ਵਾਰ ਗੱਲ ਮੰਨ ਲੈਂਦਾ ਹੈ।

ਇੱਕੋ ਘਰ ਵਿਚ ਦੋ ਭੈਣ ਭਰਾਵਾਂ ਨੂੰ ਹੀ ਲਵੋ। ਉਨ੍ਹਾਂ ਦੀ ਸੋਚ ਵੀ ਬਹੁਤੀ ਵਾਰ ਇਕ ਨਹੀਂ ਹੁੰਦੀ। ਸਗੋਂ ਨਿੱਕੇ ਭਰਾ ਪ੍ਰਤੀ ਕਈ ਵਾਰ ਵੱਡਾ ਭਰਾ ਮਨ ਵਿਚ ਸਾੜਾ ਪਾਲ ਬੈਠਦਾ ਹੈ ਕਿ ਉਸਨੇ ਜੰਮਦੇ ਸਾਰ ਉਸਤੋਂ ਮਾਂ ਦੀ ਗੋਦ ਖੋਹ ਲਈ ਹੈ।

ਉਹੀ ਦੋ ਸਕੇ ਭਰਾ ਜੋ ਬਚਪਨ ਵਿਚ ਇੱਕੋ ਕਮਰੇ ਵਿਚ ਇੱਕਠੇ ਸੌਂਦੇ ਰਹੇ ਹੋਣ, ਵੱਡੇ ਹੋ ਕੇ ਆਪੋ ਆਪਣੇ ਟੱਬਰਾਂ ਵਿਚ ਰੁੱਝੇ ਹੋਏ ਵੀ ਮਾਪਿਆਂ ਦੀ ਜਾਇਦਾਦ ਪਿੱਛੇ ਇਕ ਦੂਜੇ ਦਾ ਕਤਲ ਕਰ ਦਿੰਦੇ ਹਨ। ਉਨ੍ਹਾਂ ਦੋਵਾਂ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਸਦੀਵੀ ਉਹ ਵੀ ਨਹੀਂ ਤੇ ਇਹੀ ਸੋਚ ਅੱਗੋਂ ਉਨ੍ਹਾਂ ਦੇ ਆਪਣੇ ਬੱਚਿਆਂ ਦੇ ਮਨਾਂ ਵਿਚ ਵੀ ਪੁੰਗਰ ਚੁੱਕੀ ਹੁੰਦੀ ਹੈ! ਪਰ, ਕੀ ਕਰਨ ਦਿਮਾਗ਼ ਹੱਥੋਂ ਮਜਬੂਰ ਹਨ!

ਜੇ ਘਰ ਅੰਦਰ ਅਜਿਹਾ ਮਾਹੌਲ ਹੋਵੇ ਤਾਂ ਇਹ ਕਿਆਸ ਲਾਉਣਾ ਔਖਾ ਨਹੀਂ ਕਿ ਜਦੋਂ ਘਰੋਂ ਬਾਹਰ ਕੋਈ ਆਪਣੇ ਤੋਂ ਅਗਾਂਹ ਜਾਂ ਵੱਖ ਦਿਸਣਾ ਸ਼ੁਰੂ ਹੋ ਜਾਏ ਤਾਂ ਉਸਦੇ ਵਿਰੁੱਧ ਤਾਂ ਦਿਮਾਗ਼ ਨੇ ਬਗ਼ਾਵਤ ਕਰਨੀ ਹੀ ਹੋਈ।

ਜਦੋਂ ਸੋਚ ਪੁੱਠੀ ਹੋ ਜਾਏ ਤਾਂ ਮਨ ਵਿਚ ਸਾੜਾ ਉਪਜਦਾ ਹੈ। ਇਹ ਸਾੜਾ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਣ ਵੀ ਬਣਿਆ। ਗੁਰੂ ਨਾਨਕ ਦੇਵ ਜੀ ਦੇ ਪੁਤਰਾਂ ਦਾ ਦੂਜੇ ਪਾਸੇ ਤੁਰਨਾ ਵੀ ਇਸੇ ਦਾ ਸਬੂਤ ਸੀ ਕਿ ਸੋਚ ਵੱਖਰੀ ਹੈ ਤੇ ਰਸਤਾ ਵੀ। ਏਸੇ ਤਰ੍ਹਾਂ ਕਈ ਮਤ ਤੇ ਕਈ ਧਰਮ ਹੋਂਦ

ਵਿਚ ਆਏ। ਵੱਖਰੇ ਗੁੱਟਾਂ ਵਿਚਲੇ ਲੋਕਾਂ ਦਾ ਵੀ ਬਹੁਤੀ ਵਾਰ ਆਪਸੀ ਤਾਲਮੇਲ ਨਹੀਂ ਹੁੰਦਾ ਤੇ ਸੋਚ ਵਖਰੀ ਹੁੰਦੇ ਸਾਰ ਉਨ੍ਹਾਂ ਵਿਚ ਵੀ ਪਾੜ ਪੈ ਜਾਂਦਾ ਹੈ।



ਆਪਣੀ ਸੋਚ ਵਿਚ ਪਨਪ ਰਹੇ ਦੋਗਲੇਪਨ ਵਲ ਵੀ ਝਾਤ ਮਾਰੀਏ। ਜੇ ਸਲਮਾਨ ਖ਼ਾਨ ਨੂੰ ਜ਼ੁਕਾਮ ਹੋ ਜਾਵੇ ਤਾਂ ਟਵਿਟਰ ਉੱਤੇ ਅਤੇ ਹਰ ਅਖ਼ਬਾਰ ਜਾਂ ਟੀ.ਵੀ. ਉੱਤੇ ਓਨੇ ਦਿਨ ਰੋਜ਼ ਇਸਦਾ ਜ਼ਿਕਰ ਚੱਲਦਾ ਰਹਿੰਦਾ ਹੈ ਜਦੋਂ ਤਕ ਸਲਮਾਨ ਖ਼ਾਨ ਆਪ ਨਾ ਕਹਿ ਦੇਵੇ ਕਿ ਬਈ ਹੁਣ ਨੱਕ ਵੱਗਣਾ ਬੰਦ ਹੋ ਗਿਆ ਹੈ, ਇਸੇ ਲਈ ਫਿਕਰ ਕਰਨ ਲਈ ਧੰਨਵਾਦ! ਦੂਜੇ ਪਾਸੇ ਘਰ ਅੰਦਰ ਬਜ਼ੁਰਗ ਪਿਓ ਕੈਂਸਰ ਨਾਲ ਪੀੜਤ ਮੰਜੇ ਉੱਤੇ ਅੱਡੀਆਂ ਰਗੜ ਰਿਹਾ ਹੋਵੇ ਤਾਂ ਕਈ ਵਾਰ ਵਕਤ ਦੀ ਕਮੀ ਹੋਣ ਕਾਰਣ ਉਸਨੂੰ ਡਾਕਟਰ ਕੋਲ ਲੈ ਕੇ ਜਾਣ ਵਾਲੇ ਫਰਜ਼ ਨੂੰ ਅਸੀਂ ਕਿਤੇ ਥੱਲੇ ਦੱਬ ਦਿੰਦੇ ਹਾਂ।

ਇਸੇ ਸੋਚ ਵਿਚਲਾ ਦੋਗਲਾਪਨ ਵੇਖੋ ਕਿਵੇਂ ਹੋਰ ਪਾਸੇ ਵੀ ਸਪਸ਼ਟ ਦਿਸਦਾ ਹੈ। ਅਣਵਿਆਹੇ ਹੀਰੋ ਹੀਰੋਇਨ ਜਨਮਦਿਨ ਮਨਾਉਣ ਲਈ ਵਤਨੋਂ ਪਾਰ ਭਾਵੇਂ ਕਈ ਦਿਨ ਇੱਕਠੇ ਬਿਤਾ ਆਉਣ, ਅਸੀਂ ਕੁਸਕਦੇ ਨਹੀਂ ਬਲਕਿ ਚੁਸਕੀਆਂ ਲੈ ਲੈ ਕੇ ਖ਼ਬਰਾਂ ਪੜ੍ਹਦੇ ਹਾਂ ਤੇ ਉਨ੍ਹਾਂ ਨੂੰ ਰਬ ਦਾ ਦਰਜਾ ਦੇ ਕੇ ਉਨ੍ਹਾਂ ਦੀ ਹਰ ਗ਼ਲਤੀ ਨੂੰ ਅੱਖੋਂ ਪਰੋਖੇ ਵੀ ਕਰ ਦਿੰਦੇ ਹਾਂ। ਦੂਜੇ ਪਾਸੇ ਆਪਣੀ ਹੀ ਧੀ ਜਦੋਂ ਉਨ੍ਹਾਂ ਹੀਰੋ ਹੀਰੋਇਨਾਂ ਦੇ ਪਿੱਛੇ ਲੱਗ ਆਪਣੇ ਪਿਆਰ ਲਈ ਘਰੋਂ ਭੱਜਦੀ ਹੈ ਜਾਂ ਆਪਣੀ ਮਰਜ਼ੀ ਨਾਲ ਵਿਆਹ ਕਰਨ ਦੀ ਜ਼ਿੱਦ ਫੜਦੀ ਹੈ ਤਾਂ ਅਸੀਂ ਉਸਦਾ ਗਲਾ ਦੱਬ ਦਿੰਦੇ ਹਾਂ ਜਾਂ ਗੋਲੀ ਮਾਰ ਦਿੰਦੇ ਹਾਂ।

ਜਿਹੜੇ ਜਣੇ ਪਹੁੰਚ ਤੋਂ ਬਾਹਰ ਹੋਣ, ਉਨ੍ਹਾਂ ਨੂੰ ਸਾਡਾ ਦਿਮਾਗ਼ ਅੱਖੋਂ ਪਰੋਖੇ ਕਰ ਦਿੰਦਾ ਹੈ। ਇਸੇ ਲਈ ਅਸੀਂ ਦੋਗਲਾਪਨ ਵਰਤਦੇ ਹਾਂ। ਆਪਣੀ ਹਦ ਅੰਦਰ ਵਸ ਰਹਿਆਂ ਉੱਤੇ ਪੂਰੀ ਤਰ੍ਹਾਂ ਕਾਬਜ਼, ਪਰ ਹੱਦੋਂ ਬਾਹਰ ਵਾਲਿਆਂ ਵਿਚ ਆਪਣਾ ਜਾਨਵਰੀ ਜਨੂੰਨ ਪੂਰਾ ਹੁੰਦਾ ਵੇਖ ਕੇ ਖ਼ੁਸ਼ ਹੋ ਲੈਂਦੇ ਹਾਂ। ਮਤਲਬ, ਸੋਚ ਵਿਚ ਹੀ ਸਭ ਸੱਭਿਅਕ ਸੰਗਲਾਂ ਅਤੇ ਸਮਾਜਿਕ ਬੰਧਨਾਂ ਨੂੰ ਤੋੜ ਕੇ ਅਜ਼ਾਦ ਪਰਿੰਦੇ ਵਾਂਗ ਉੱਡਣਾ!

ਇਸ ਦੋਗਲੇਪਨ ਦੀਆਂ ਰੋਜ਼ਮਰਾ ਦੀ ਜ਼ਿੰਦਗੀ ਵਿਚ ਏਨੀਆਂ ਉਦਾਹਰਣਾਂ ਭਰੀਆਂ ਪਈਆਂ ਹਨ ਕਿ ਪੁੱਛੋ ਨਾ! ਮੀਆਂ ਜੀ ਆਪ ਤਿੰਨ ਹੋਰ ਕੁੜੀਆਂ ਨਾਲ ਭਾਵੇਂ ਫਸੇ ਹੋਣ ਪਰ ਬੀਵੀ ਦਾ ਕਿਸੇ ਹੋਰ ਨਾਲ ਫ਼ੋਨ ਕਰਨਾ ਬਰਦਾਸ਼ਤ ਨਹੀਂ ਕਰ ਸਕਦੇ।

ਇੱਕੋ ਬੰਦੇ ਨਾਲ ਫਸੀਆਂ ਦੋ ਔਰਤਾਂ ਵੀ ਦੂਜੀ ਨਾਲੋਂ ਆਪਣੇ ਆਪ ਨੂੰ ਬੰਦੇ ਦੇ ਵੱਧ ਨੇੜੇ ਦਰਸਾਉਣ ਦੇ ਚੱਕਰ ਵਿਚ ਦੂਜੀ ਔਰਤ ਨੂੰ ਮਾਰ ਦੇਣ ਤਕ ਪਹੁੰਚ ਜਾਂਦੀਆਂ ਹਨ।

ਇਸ ਬਾਰੇ ਔਸਟਰੀਆ ਵਿਚ ਹੋਈ ਖੋਜ ਨੇ ਸਾਬਤ ਕੀਤਾ ਹੈ ਕਿ ਕੁੱਝ ਮਾਪੇ, ਜੋ ਆਪ ਆਪਣੀ ਜ਼ਿੰਦਗੀ ਵਿਚ ਕੋਈ ਸਧਰ ਪੂਰੀ ਨਾ ਕਰ ਸਕੇ ਹੋਣ, ਉਹ ਆਪਣੇ ਬੱਚਿਆਂ ਰਾਹੀਂ ਪੂਰੀ ਕਰਨ ਦੀ ਕੋਸ਼ਿਸ਼ ਵਿਚ ਕਈ ਵਾਰ ਬੱਚਿਆਂ ਦੀਆਂ ਸਧਰਾਂ ਦਾ ਕਤਲ ਤਕ ਕਰ ਜਾਂਦੇ ਹਨ ਤੇ ਧੱਕੋ ਜ਼ੋਰੀ ਆਪਣੀ ਸੋਚ ਉਨ੍ਹਾਂ ਉੱਤੇ ਥੋਪ ਦਿੰਦੇ ਹਨ।

ਜਿਵੇਂ ਕੋਈ ਪਿਓ ਆਪ ਕ੍ਰਿਕਟ ਨਹੀਂ ਖੇਡ ਸਕਿਆ ਤਾਂ ਬੱਚੇ ਨੂੰ ਜਬਰੀ ਉਸ ਪਾਸੇ ਵੱਲ ਧੱਕਦਾ ਹੈ। ਕੋਈ ਪਿਓ ਆਪ ਡਾਕਟਰ ਨਹੀਂ ਬਣ ਸਕਿਆ ਤਾਂ ਧੀ ਨੂੰ ਧੱਕੋਜ਼ੋਰੀ ਡਾਕਟਰ ਬਣਨ ਵਲ ਪ੍ਰੇਰਿਤ ਕੀਤਾ ਜਾਂਦਾ ਹੈ, ਭਾਵੇਂ ਧੀ ਪੇਂਟਰ ਬਣਨਾ ਚਾਹੁੰਦੀ ਹੋਵੇ ਤਾਂ ਉਸਦੀਆਂ ਸਧਰਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ।

ਕੁੱਝ ਖ਼ਬਰਾਂ ਵੀ ਦੋਗਲੇਪਨ ਦਾ ਉਦਾਹਰਣ ਬਣ ਜਾਂਦੀਆਂ ਹਨ। ਨਾਲੋ ਨਾਲ ਛਪੀਆਂ ਖ਼ਬਰਾਂ ਵਿੱਚੋਂ ਇਕ ਦੀ ਸੁਰਖੀ ਹੁੰਦੀ ਹੈ – 'ਪ੍ਰਸ਼ਾਸਣ ਨਾਜਾਇਜ਼ ਸੰਬੰਧਾਂ ਦੇ ਚਲ ਰਹੇ ਅੱਡਿਆਂ ਨੂੰ ਸਖ਼ਤੀ ਨਾਲ ਰੋਕਣ ਦੀ ਰੌਂ ਵਿਚ'। ਦੂਜੀ ਖ਼ਬਰ ਵਿਚ ਲਿਖਿਆ ਹੁੰਦਾ ਹੈ – "ਨਾਬਾਲਗ ਬੱਚੀਆਂ ਦੀ ਤਸਕਰੀ ਅਤੇ ਜਿਸਮਾਨੀ ਸ਼ੋਸ਼ਣ ਪਿੱਛੇ ਮੰਤਰੀ ਦੇ ਪੁੱਤਰ ਅਤੇ ਪ੍ਰਸ਼ਾਸਣ ਦੇ ਉਚ ਅਧਿਕਾਰੀਆਂ ਦਾ ਹੱਥ।"



ਜਦੋਂ ਕਿਸੇ ਸ਼ਹਿਰ ਨੂੰ ਪਵਿੱਤਰ ਹੋਣ ਦਾ ਦਰਜਾ ਦੇਣ ਲਈ ਉੱਥੇ ਨਸ਼ਾਖੋਰੀ ਜਾਂ ਤਮਾਕੂਨੋਸ਼ੀ ਬੰਦ ਕਰਨ ਦੀ ਗੱਲ ਛਿੜਦੀ ਹੈ, ਤਾਂ ਉਸੇ ਸ਼ਹਿਰ ਵਿਚ ਹੀ ਨਸਾਂ ਵਿਚ ਲਗਦੇ ਨਸ਼ੇ ਦੇ ਟੀਕਿਆਂ ਰਾਹੀਂ ਹੋ ਰਹੀ ਏਡਜ਼ ਦੇ ਸਭ ਤੋਂ ਵਧ ਸ਼ਿਕਾਰ ਬੰਦੇ ਮਿਲਦੇ ਹਨ।

ਆਨੰਦਪੁਰ ਸਾਹਿਬ ਦੇ ਇਤਿਹਾਸ ਨੂੰ ਜਾਣਨ ਵਾਲਿਆਂ ਲਈ ਇਹ ਖ਼ਬਰ ਵੀ ਮਾਇਨੇ ਰੱਖਦੀ ਹੋਵੇਗੀ ਕਿ ਇਕ ਪਾਸੇ ਕੁਰਬਾਨੀ ਦੀ ਐਸੀ ਵਿਲੱਖਣ ਮਿਸਾਲ ਤੇ ਵਿਰਾਸਤੇ - ਖ਼ਾਲਸਾ ਬਣੇ ਹੋਣ, ਪਰ ਉਸੇ ਸੜਕ ਦੇ ਦੂਜੇ ਸਿਰੇ ਉੱਤੇ ਚਲ ਰਹੇ ਹੋਟਲ ਵਿਚ ਦੇਹ ਵਪਾਰ ਚਲ ਰਹੇ ਹੋਣ ਦੀਆਂ ਖਬਰਾਂ ਨਸ਼ਰ ਹੋ ਜਾਣ ਤਾਂ ਕੋਈ ਇਸ ਨੂੰ ਕੀ ਕਹੇ?

ਦਰਅਸਲ ਸਾਡਾ ਦਿਮਾਗ਼ ਹੈ ਹੀ ਬੜਾ ਗੁੰਝਲਦਾਰ! ਜੋ ਹੱਦਾਂ ਅਸੀਂ ਦੂਜਿਆਂ ਲਈ ਬੰਨ੍ਹਦੇ ਹਾਂ, ਉਨ੍ਹਾਂ ਨੂੰ ਤੋੜ ਕੇ ਆਪ ਹੀ ਸੁਆਦ ਮਾਣਦੇ ਹਾਂ। ਆਪਣੇ ਬੱਚੇ ਨੂੰ ਜਿਹੜੇ ਪ੍ਰੋਗਰਾਮ ਦੇਖਣ ਤੋਂ ਰੋਕਦੇ ਹਾਂ, ਉਹੀ ਪ੍ਰੋਗਰਾਮ ਆਪ ਵੇਖਣ ਲਈ ਉਨ੍ਹਾਂ ਦੇ ਸੌਂ ਜਾਣ ਦੀ ਉਡੀਕ ਕਰਦੇ ਹਾਂ, ਇਹ ਜਾਣੇ ਬੁੱਝੇ ਬਗ਼ੈਰ ਕਿ ਨਾਲ ਦੇ ਕਮਰੇ ਵਿਚ ਬੱਚੇ ਵੀ ਲਾਈਟ ਬੰਦ ਕਰ ਕੇ ਕੰਪਿਊਟਰ ਉੱਤੇ ਉਹੀ ਪ੍ਰੋਗਰਾਮ ਵੇਖ ਰਹੇ ਹਨ!

ਇਹ ਦੋਗਲਾਪਨ ਸਾਡੇ ਹੱਡੀਂ ਏਨਾ ਕੁ ਰਚ ਚੁੱਕਿਆ ਹੈ ਕਿ ਇਸਦਾ ਇਹਸਾਸ ਹੋਣਾ ਹੀ ਬੰਦ ਹੋ ਗਿਆ ਹੈ ਤੇ ਬਹੁਤੀ ਵਾਰ ਅਜਿਹੀਆਂ ਗੱਲਾਂ ਹੁਣ ਸਾਡੇ ਮਨ ਨੂੰ ਕਚੋਟਦੀਆਂ ਵੀ ਨਹੀਂ।

ਸ਼ਰਾਬ ਨਾ ਪੀਣ ਵਾਸਤੇ ਲੈਕਚਰ ਦੇ ਰਿਹਾ ਡਾਕਟਰ ਵੀ ਛੇਤੀ ਪ੍ਰੋਗਰਾਮ ਨੂੰ ਸਮੇਟਣ ਦੀ ਦੁਹਾਈ ਦਿੰਦਾ ਵੇਖਿਆ ਜਾ ਸਕਦਾ ਹੈ ਕਿਉਂਕਿ ਉਸਨੇ ਪ੍ਰੋਗਰਾਮ ਮੁਕਾ ਕੇ ਅੱਗੋਂ ਸ਼ਰਾਬ ਦੀ ਪਾਰਟੀ ਵਿਚ ਸ਼ਾਮਲ ਹੋਣ ਲਈ ਪਹੁੰਚਣਾ ਹੁੰਦਾ ਹੈ।

ਇਹੀ ਦੋਗਲਾਪਨ ਸਾਡੀ ਅਵਾਜ਼ ਨੂੰ ਦਮਦਾਰ ਅਤੇ ਅਸਰਦਾਰ ਨਹੀਂ ਰਹਿਣ ਦੇ ਰਿਹਾ। ਜਿਵੇਂ ਕਾਠ ਦੀ ਹਾਂਡੀ ਵਾਰ ਵਾਰ ਨਹੀਂ ਚੜ੍ਹਦੀ, ਉਵੇਂ ਹੀ ਇਹ ਦੂਹਰੀ ਨੀਤੀ ਸਾਨੂੰ ਨਿਵਾਣ ਵੱਲ ਲਿਜਾ ਰਹੀ ਹੈ।

ਜੇ ਅਸੀਂ ਆਪਣੇ ਬੱਚਿਆਂ ਸਾਹਮਣੇ ਇਹੀ ਵਰਤਾਰਾ ਰੱਖਿਆ ਤਾਂ ਉਹ ਵੀ ਦੋਚਿੱਤੀ ਵਿਚ ਵਿਚਰਦੇ ਨਾਰਮਲ ਹੋ ਹੀ ਨਹੀਂ ਸਕਣ ਲੱਗੇ ਤੇ ਇਹੀ ਸੋਚ ਅਪਣਾਉਣਗੇ।

ਦੋਗਲੇਪਨ ਦੀ ਇਕ ਹੋਰ ਉਦਾਹਰਣ ਵੇਖੋ। ਜਾਨਵਰਾਂ ਦੇ ਹੱਕਾਂ ਦੀ ਦੁਹਾਈ ਦੇ ਕੇ ਹੁਣ ਭਾਵੇਂ ਬਾਹਰਵੀਂ ਜਮਾਤ ਵਿਚ ਕੀੜੇ ਮਕੌੜਿਆਂ ਤਕ ਨੂੰ ਕੱਟ ਵੱਢ ਕਰ ਕੇ ਸਿੱਖਣ ਦਾ ਕੰਮ ਬੰਦ ਕਰਵਾ ਦਿੱਤਾ ਗਿਆ ਹੈ ਪਰ ਇਨਸਾਨਾਂ ਦੇ ਹੱਕਾਂ ਬਾਰੇ ਕੋਈ ਚਿੰਤਿਤ ਨਹੀਂ। ਉਨ੍ਹਾਂ ਨੂੰ ਜਿੱਥੇ ਮਰਜ਼ੀ ਤੇ ਜਦੋਂ ਮਰਜ਼ੀ ਕੱਟਿਆ ਵੱਢਿਆ ਜਾ ਸਕਦਾ ਹੈ।

ਖ਼ੈਰ! ਇਹ ਸੋਚ ਵਿਚਲਾ ਦੋਗਲਾਪਨ ਤਾਂ ਕਦੇ ਹਟਣਾ ਹੀ ਨਹੀਂ ਪਰ ਅਸੀਂ ਦੁਨੀਆਂ ਨੂੰ ਬਦਲਣ ਦੀ ਥਾਂ ਆਪਣੇ ਆਪ ਨੂੰ ਤਾਂ ਬਦਲ ਹੀ ਸਕਦੇ ਹਾਂ। ਜਿਵੇਂ ਹੇਠੋਂ ਪੈਰ ਗਿੱਲੇ ਹੋਣ ਤੋਂ ਬਚਾਉਣ ਲਈ ਧਰਤੀ ਉੱਤੇ ਕਾਲੀਨ ਵਿਛਾਉਣ ਨਾਲੋਂ ਪੈਰਾਂ ਵਿਚ ਜੁੱਤੀ ਪਾ ਲੈਣੀ ਬਿਹਤਰ ਹੈ, ਬਿਲਕੁਲ ਉਜੰ ਹੀ ਕਿਸੇ ਵੱਲੋਂ ਸਾਡੇ ਕੀਤੇ ਕੰਮਾਂ ਦੀ ਨੁਕਤਾਚੀਨੀ ਜਾਂ ਆਪਣੀ ਕਿਸੇ ਪ੍ਰਾਪਤੀ ਉੱਤੇ ਕੀਤੀ ਟਿਪੱਣੀ ਤੋਂ ਭੜਕ ਕੇ, ਆਪਣੇ ਮਨ ਅੰਦਰ ਤਣਾਓ ਪਾਲ ਕੇ ਕੁੱਝ ਹਾਸਲ ਨਹੀਂ ਹੋਣ ਵਾਲਾ। ਚੰਗਾ ਇਹੀ ਹੈ ਕਿ ਆਪਣਾ ਕੰਮ ਚੁੱਪਚਾਪ ਕਰੀ ਜਾਓ ਤੇ ਆਪਣੀ ਮੰਜ਼ਿਲ ਹਾਸਲ ਕਰ ਲਵੋ। ਜਿਨ੍ਹਾਂ ਦਾ ਕੰਮ ਬੋਲਣ ਦਾ ਹੈ, ਉਨ੍ਹਾਂ ਨੂੰ ਆਪਣਾ ਕੰਮ ਕਰ ਲੈਣ ਦਿਓ। ਇਹ ਸੋਚੋ ਕਿ ਉਨ੍ਹਾਂ ਲਈ ਵੀ ਤਣਾਓ ਛੰਡਣ ਵਾਸਤੇ ਇਹ ਜ਼ਰੂਰੀ ਹੈ।

ਇਹੀ ਸਫਲ ਜ਼ਿੰਦਗੀ ਜੀਉਣ ਦਾ ਰਾਜ਼ ਹੈ ਤੇ ਤਣਾਓ ਛੰਡ ਕੇ ਲੰਮੀ ਉਮਰ ਭੋਗਣ ਦਾ ਵੀ!

ਇਹ ਵੀ ਚੇਤੇ ਰੱਖਣ ਵਾਲੀ ਗੱਲ ਹੈ ਕਿ ਜੇ ਵਧੀਆ ਸੋਚ ਆਪਣੇ ਬੱਚੇ ਦੀ ਬਣਾਉਣੀ ਹੈ ਤਾਂ ਆਪ ਉਸ ਦੇ ਸਾਹਮਣੇ ਇਕ ਮਿਸਾਲ ਤਾਂ ਬਣਨਾ ਹੀ ਪਵੇਗਾ!

ਇਹ ਸਤਰਾਂ ਕਿੰਨੀਆਂ ਸਹੀ ਜਾਪਦੀਆਂ ਹਨ -

**"ਉਹ ਹੰਕਾਰਾ, ਤੂੰ ਕਿੰਨਾ ਸੋਹਣਾ ਹੈਂ!**
**ਤੂੰ ਮਿੱਠਾ ਮਿੱਠਾ ਜਿਹਾ, ਅੱਖੀਂ ਡਿੱਠਾ ਹੈਂ।**
**ਤੈਨੂੰ ਲੁਕਣਾ ਨਾ ਆਵੇ, ਨਾ ਸੌਣਾ ਆਵੇ।**
**ਤੂੰ ਕੁਦਰਤ ਦਾ ਨਾਜ਼ੁਕ ਨਖ਼ਰਾ ਹੈਂ।**
**ਖ਼ੁਦ ਨੂੰ ਨਾ ਕੋਸ ਐਵੇਂ ਹੀ,**
**ਤੂੰ ਮਨ 'ਚੋਂ ਲੰਘਣ ਦਾ ਰਸਤਾ ਹੈਂ।**
**ਤੂੰ ਨਿੱਘਾ ਨਿੱਘਾ ਬੋਲ ਮਿਠੜਾ ਜਿਹਾ,**
**ਕਿਹੜਾ ਮੇਰੇ ਵਜੂਦ ਤੋਂ ਵੱਖਰਾ ਹੈਂ?"**

# ਜਨਮ ਸਮੇਂ ਦੀਆਂ ਰਸਮਾਂ ਤੇ ਗੀਤ

**ਹਰਮੇਸ਼ ਕੌਰ ਯੋਧੇ**



ਹਰ ਖਿੱਤੇ ਦੇ ਆਪਣੇ ਸਮਾਜਕ ਆਰਥਿਕ ਤੇ ਮਨੋਵਿਗਿਆਨਕ ਪਛਾਣ ਚਿੰਨ੍ਹ ਹੁੰਦੇ ਹਨ। ਪੰਜਾਬੀਆਂ ਦੇ ਰਸਮ-ਰਿਵਾਜ਼, ਰਹੁ-ਰੀਤਾਂ, ਵਿਸ਼ਵਾਸ ਤੇ ਸੰਸਕਾਰ ਉਨ੍ਹਾਂ ਦੀਆਂ ਸਿੱਕਾਂ, ਜਜ਼ਬਿਆਂ ਤੇ ਸੋਚ ਦੀ ਤਰਜਮਾਨੀ ਕਰਦੇ ਹਨ। ਇਹ ਸੰਸਕਾਰ ਕਿਵੇਂ ਉਪਜੇ, ਕਿਵੇਂ ਵਧੇ ਫੁੱਲੇ, ਇਨ੍ਹਾਂ ਪਿੱਛੇ ਕੀ-ਕੀ ਮਨੋਰਥ ਕੰਮ ਕਰਦੇ ਹਨ, ਇਹ ਬੜਾ ਦਿਲਚਸਪ ਵਿਸ਼ਾ ਹੈ। ਹਥਲੇ ਲੇਖ ਦਾ ਮੰਤਵ ਪੰਜਾਬੀ ਜਨ ਜੀਵਨ ਵਿਚ ਬੱਚੇ ਦੇ ਜਨਮ ਨੂੰ ਲੈ ਕੇ ਪ੍ਰਚਲਤ ਰਹੁ-ਰੀਤਾਂ ਦੇ ਇਸ ਖੁਸ਼ੀ ਦੇ ਸਮੇਂ ਨੂੰ ਗੀਤਾਂ ਵਿਚ ਪ੍ਰਸਤੁਤ ਕਰਨ ਦੀ ਪਰੰਪਰਾ ਨੂੰ ਪਛਾਣਨਾ ਹੈ।

ਗਰਭ ਅਵਸਥਾ ਦੇ ਤੀਜੇ, ਪੰਜਵੇਂ ਤੇ ਛੇਵੇਂ ਮਹੀਨੇ ਇਸਤਰੀ ਨੂੰ ਭੂਤਾਂ-ਪ੍ਰੇਤਾਂ ਤੇ ਬਾਹਰੀ ਸ਼ੈਵਾਂ ਤੋਂ ਬਚਾਉਣ ਲਈ ਉਸ ਦੇ ਪੱਲੇ ਅਨਾਜ ਬੰਨ੍ਹਿਆ ਜਾਂਦਾ ਹੈ, ਜਿਸ ਨੂੰ ਰਿੰਨ੍ਹ-ਪਕਾ ਕੇ ਉਹ ਆਪ ਵੀ ਖਾਂਦੀ ਅਤੇ ਪਰਿਵਾਰ ਭਾਈਚਾਰੇ ਨੂੰ ਵੀ ਵੰਡਦੀ। ਬੇਸ਼ੱਕ ਇਸ ਦਾ ਮਨੋਰਥ ਇਸਤਰੀ ਲਈ ਲੋੜੀਂਦਾ ਭੋਜਨ ਮੁਹੱਈਆ ਕਰਾਉਣਾ ਹੀ ਸੀ ਤਾਂ ਜੋ ਉਸ ਨੂੰ ਗਰਭ ਅਵਸਥਾ ਦੌਰਾਨ ਖੁਰਾਕੀ ਤੱਤਾਂ ਦੀ ਘਾਟ ਨਾ ਰਹੇ, ਪਰ ਸਮਾਂ ਪਾ ਕੇ ਇਹ ਲੋਕ-ਰੂੜੀ ਦਾ ਰੂਪ ਧਾਰਨ ਕਰ ਗਿਆ। ਇਸੇ ਤਰ੍ਹਾਂ ਪਹਿਲਾ ਜਣੇਪਾ ਪੇਕੇ ਕਰਾਉਣ ਦੀ ਰਵਾਇਤ ਵੀ ਪੰਜਾਬੀ ਸਮਾਜ ਵਿਚ ਰਹੀ। ਇਸ ਦਾ ਮਤਲਬ ਵੀ ਬੜਾ ਸਾਫ਼ ਤੇ ਸਪੱਸ਼ਟ ਸੀ। ਸਹੁਰੇ ਘਰ ਦੇ ਜੀਆਂ ਨਾਲ ਭਾਵਨਾਤਮਕ ਸਾਂਝ ਦੀ ਥੁੜ੍ਹ ਤੇ ਪੇਕਿਆਂ ਨਾਲ ਡੂੰਘਾ ਸਨੇਹ ਤੇ ਸੁਰੱਖਿਆ ਦੀ ਭਾਵਨਾ ਇਸ ਵਰਤਾਰੇ ਪਿੱਛੇ ਕਾਰਜਸ਼ੀਲ ਕਾਰਨ ਸੀ, ਪਰ ਇਸ ਨੂੰ ਇਕ ਰਵਾਇਤ ਦੇ ਤੌਰ 'ਤੇ ਪ੍ਰਚੱਲਤ ਕਰ ਦਿੱਤਾ ਗਿਆ।

ਬੱਚੇ ਦੇ ਜਨਮ ਵੇਲੇ ਕਮਰੇ ਵਿਚ ਧੂਫ਼ ਧੁਖਾਈ ਜਾਂਦੀ, ਦਸ ਰਾਤਾਂ ਦੀਵਾ ਬਲਦਾ ਰੱਖਿਆ ਜਾਂਦਾ, ਸਰਦਲ 'ਤੇ ਸ਼ਰੀਂਹ ਦੇ ਪੱਤੇ ਬੰਨ੍ਹੇ ਜਾਂਦੇ, ਸਿਰਹਾਣੇ ਪਾਣੀ ਦੀ ਗੜਵੀ ਰੱਖੀ ਜਾਂਦੀ, ਮੰਜੇ ਉੱਪਰ ਦਾਤਰ, ਕੈਂਚੀ ਜਾਂ ਕੋਈ ਵੱਡਾ ਚਾਕੂ ਰੱਖਿਆ ਜਾਂਦਾ, ਮਾਂ ਤੇ ਬੱਚੇ ਦੀ ਵੀਣੀ 'ਤੇ ਹਿੰਗ ਬੰਨ੍ਹੀ ਜਾਂਦੀ। ਕਮਰੇ ਦੀ ਛੱਤ ਉੱਪਰ ਕਿਸੇ ਰੁੱਖ ਦੀਆਂ ਟਾਹਣੀਆਂ ਸੁੱਟੀਆਂ ਜਾਂਦੀਆਂ, ਸੂਤਕ-ਪਾਤਕ ਦੀ ਪਾਲਣਾ ਕੀਤੀ ਜਾਂਦੀ ਆਦਿ। ਪੁੱਤਰ ਜੰਮਣ 'ਤੇ ਵਧਾਈ ਦੇਣ ਆਇਆਂ ਨੂੰ ਗੁੜ ਪਤਾਸੇ ਵੰਡੇ ਜਾਂਦੇ। ਜਨਮ ਵੇਲੇ ਬੱਚੇ ਦਾ ਪਹਿਲੀ ਵਾਰ ਮੂੰਹ ਜੁਠਲਾਉਣ ਲਈ ਸ਼ਹਿਦ ਵਰਤਿਆਜ ਂਦਾਤ ੇਿ ਇਹਕ ੰਮ ਕਰਾਉਣ ਲਈ ਰਿਸ਼ਤੇਦਾਰੀ, ਸ਼ਰੀਕੇ ਜਾਂ ਪਿੰਡ ਵਿਚੋਂ ਉਸ ਵਿਅਕਤੀ ਨੂੰ ਬੁਲਾਇਆ ਜਾਂਦਾ ਹੈ, ਜਿਸ ਨੂੰ ਸਿਆਣਾ, ਸੂਝਵਾਨ, ਤੇਜ਼ ਬੁੱਧੀਵਾਲਾ ਸਮਝਿਆ ਜਾਂਦਾ ਹੈ। ਇਸ ਰਸਮ ਨੂੰ ਗੁੜ੍ਹਤੀ ਦੇਣਾ ਕਿਹਾ ਜਾਂਦਾ ਹੈ।

ਜਨਮ ਤੋਂ ਪੰਜਵੇਂ ਦਿਨ ਦਾਈ ਮਾਂ ਤੇ ਬੱਚੇ ਨੂੰ ਇਸ਼ਨਾਨ ਕਰਾਉਂਦੀ, ਜਿਸ ਨੂੰ 'ਸੁੱਚੇ ਹੋਣਾ' ਕਹਿੰਦੇ। ਇਸ ਵੇਲੇ ਔਰਤ ਦੇ ਪੈਰਾਂ ਹੇਠਾਂ ਕੁਝ ਪੈਸੇ ਸ਼ਗਨ ਵਜੋਂ ਰੱਕਦੇ ਤੇ ਝੋਲੀ ਵਿਚ ਚੌਲ, ਆਟਾ ਤੇ ਗੁੜ ਪਾਉਂਦੇ। ਪੈਸੇ ਤੇ ਰਸਦ ਦਾਈ ਦਾ ਲਾਗ ਹੁੰਦਾ। ਬੱਚੇ ਦੇ ਦਾਦਕੇ/ਨਾਨਕੇ ਭਾਜੀ ਘੱਲੀ ਜਾਂਦੀ ਤੇ ਉਹ ਤੇਰ੍ਹਵੇਂ ਜਾਂ ਇੱਕੀਵੇਂ ਛੂਛਕ ਲੈ ਕੇ ਆਉਂਦੇ। ਛੂਛਕ ਵਿਚ ਕੋਈ ਗਹਿਣਾ ਜਾਂ ਕੱਪੜੇ ਹੁੰਦੇ। ਇਨ੍ਹਾਂ ਦਿਨਾਂ ਵਿਚ ਵੱਖ-ਵੱਖ ਜਾਤਾਂ ਬਰਾਦਰੀਆਂ ਆਪੋ-ਆਪਣੇ ਢੰਗ ਨਾਲ ਵਧਾਈ ਦਿੰਦੇ ਤੇ ਲਾਗ ਲੈਂਦੇ। ਮਹਿਰਾ ਸ਼ਰੀਂਹ ਦੇ ਪੱਤਿਆਂ ਦਾ ਹਾਰ ਲਿਆਉਂਦਾ, ਤਰਖਾਣ ਗੁੱਲੀ ਡੰਡਾ, ਬਾਜ਼ੀਗਰਨੀਆਂ ਫੁੱਲ ਤੇ ਦਾਈ ਤੜਾਗੀ। ਇਹ ਸਭ ਪੁੱਤਰ ਹੋਣ ਵੇਲੇ ਹੁੰਦਾ। ਧੀ ਦੇ ਜਨਮ ਤੇ ਘਰ ਪਰਿਵਾਰ ਖ਼ਾਮੋਸ਼ ਰਹਿੰਦਾ ਤੇ ਬਹੁਤ ਸੀਮਤ ਰਸਮੋ-ਰਿਵਾਜ਼ ਕੀਤੇ ਜਾਂਦੇ।

ਸਵਾ ਮਹੀਨਾ ਹੋਣ 'ਤੇ ਬੱਚੇ ਦਾ ਨਾਮਕਰਣ ਕੀਤਾ ਜਾਂਦਾ। ਸਿੱਖ ਪਰਿਵਾਰਾਂ ਵਿਚ ਗੁਰਦੁਆਰੇ ਜਾ ਕੇ ਜਾਂ ਗ੍ਰੰਥੀ ਨੂੰ ਘਰ ਬੁਲਾ ਕੇ ਨਾਮ ਧਰਾਇਆ ਜਾਂਦਾ। ਗੁਰਦੁਆਰੇ ਗ੍ਰੰਥ ਸਾਹਿਬ ਖੋਲ੍ਹ ਕੇ ਪਹਿਲੇ ਅੱਖਰ 'ਤੇ ਨਾਮ ਧਰਿਆ ਜਾਂਦਾ, ਜਦਕਿ ਘਰ ਵਿਚ ਇਸ ਕੰਮ ਲਈ ਪੰਜ ਗ੍ਰੰਥੀ ਦੀ ਵਰਤੋਂ ਕਰ ਲਈ ਜਾਂਦੀ। ਹਿੰਦੂ ਪਰਿਵਾਰ ਪੰਡਤ ਪਾਸੋਂ ਨਾਮ ਰੱਖਣ ਲਈ ਅੱਖਰ ਪੁੱਛ ਲੈਂਦੇ।

ਪਹਿਲੇ ਪੁੱਤਰ ਨੂੰ ਪਲੇਠਾ ਜਾਂ ਜੇਠਾ ਕਹਿੰਦੇ ਤੇ ਆਖ਼ਰੀ ਬੱਚੇ ਨੂੰ ਪੇਟ ਘਰੋੜੀ ਦਾ। ਪੁੱਤਰ ਦਾ ਹੋਣਾ ਵੇਲ ਵਧਣ ਦਾ ਸੂਚਕ ਹੁੰਦਾ। ਜਨਮ ਦੇ ਇਨ੍ਹਾਂ ਵਿਭਿੰਨ ਮੌਕਿਆਂ ਨੂੰ ਸਵਾਣੀਆਂ ਗੀਤਾਂ ਵਿਚ ਪਰੋਂਦੀਆਂ ਤੇ ਸਮੇਂ-ਸਮੇਂ ਉਚਾਰਦੀਆਂ। ਵਡੇਰੀ ਉਮਰ ਦੀਆਂ ਸੁਆਣੀਆਂ ਨੂੰਹਾਂ-ਧੀਆਂ ਨੂੰ

ਅਸ਼ੀਰਵਾਦ ਵਜੋਂ ਕਹਿੰਦੀਆਂ–

**ਦੁੱਧੀ ਨਹਾਵੇਂ ਪੁੱਤੀਂ ਫਲੇਂ**

ਪੁੱਤਰ ਦੀ ਸਮਾਜਕ ਆਰਥਕ ਮਹੱਤਤਾ ਨੂੰ ਗੁਰਬਾਣੀ ਵੀ ਸਵੀਕਾਰਦੀ ਹੈ–

**ਪੁੱਤੀਂ ਗੰਢ ਪਵੈ ਸੰਸਾਰ**

ਪੁੱਤਰਾਂ ਦੀ ਗਿਣਤੀ ਘਰ-ਪਰਿਵਾਰ ਲਈ ਖੁਸ਼ਹਾਲੀ ਦੀ ਸੂਚਕ ਸਮਝੀ ਜਾਂਦੀ ਹੈ–

**ਪੁੱਤਰ ਮਿੱਠੜੇ ਮੇਵੇ, ਰੱਬ ਸਭ ਨੂੰ ਦੇਵੇ**

*

**ਪੁੱਤੀਂ ਭਾਗ**
**ਕੋਈ ਲਿਆਵੇ ਲੱਕੜੀਆਂ, ਕੋਈ ਲਿਆਵੇ ਸਾਗ**

ਪੁੱਤ ਦੀ ਆਮਦ ਨੂੰ ਜਿਥੇ ਹੋਰ ਜੀਅ ਸ਼ੁਭ ਸੰਕੇਤ ਮੰਨਦੇ, ਉਥੇ ਘਰ ਦੀਆਂ ਧੀਆਂ ਮੂੰਹੋਂ ਵੀ ਅਖਵਾਇਆ ਗਿਆ ਹੈ–

**ਬਹੁਤੇ ਵੀਰ ਦੇਈਂ ਵੇ ਰੱਬਾ**
**ਵੀਰਾਂ ਵਾਲਿਆਂ ਦੀ ਕਦਰ ਬਥੇਰੀ**

ਜਿਸ ਘਰ ਵਿਚ ਧੀਆਂ ਹੁੰਦੀਆਂ, ਉਸ ਘਰ ਵਿਚ ਵੀਰ ਦੀ ਲੋੜ ਇੰਞ ਵੀ ਮਹਿਸੂਸ ਕੀਤੀ ਜਾਂਦੀ–

**ਇਕ ਵੀਰ ਦੇਈਂ ਵੇ ਰੱਬਾ**
**ਸਹੁੰ ਖਾਣ ਨੂੰ ਬੜਾ ਚਿੱਤ ਕਰਦਾ**

ਇਸ ਮੌਕੇ ਬੱਚੇ ਦੀ ਭੂਆ ਦੇ ਚਾਅ ਨੂੰ ਵੀ ਗੀਤ ਵਿਚ ਪੇਸ਼ ਕੀਤਾ ਜਾਂਦਾ–

**ਚੰਨ ਚੜ੍ਹਿਆ ਵੀਰ ਦੇ ਵਿਹੜੇ**
**ਵੀਰ ਘਰ ਪੁੱਤ ਜੰਮਿਆ**

*

**ਬਾਬਲ ਮੱਝੀਆਂ ਦੇ ਸੰਗਲ ਫੜਾਵੇ**
**ਵੀਰ ਘਰ ਪੁੱਤ ਜੰਮਿਆ**

*

**ਲੱਡੂ ਵੰਡਦੀ ਗਲੀ ਵਿਚੋਂ ਆਵਾਂ**
**ਵੀਰ ਘਰ ਪੁੱਤ ਜੰਮਿਆ**

ਧੀ ਦੀ ਕਾਮਨਾ ਕਰਨ ਵਾਲੇ ਵੀ ਕੁਝ ਗਿਣੇ ਚੁਣੇ ਪਰਿਵਾਰ ਹੁੰਦੇ ਹਨ। ਜਿਸ ਘਰ ਪੁੱਤ ਹੀ ਹੋਣ, ਧੀ ਦੀ ਅਣਹੋਂਦ ਹੋਵੇ, ਉਥੇ ਇਹ ਵੀ ਕਿਹਾ ਜਾਂਦਾ–

**ਇਕ ਭੈਣ ਦੇ ਦੇ ਦਾਤਿਆ**



**ਰੱਖੜੀ ਬਨ੍ਹਾਉਣ ਨੂੰ ਬੜਾ ਚਿੱਤ ਕਰਦਾ**

ਪਰ ਆਮ ਵਰਤਾਰਾ ਧੀ ਦੇ ਵਿਰੋਧ ਵਿਚ ਭੁਗਤਦਾ। ਪੰਜਾਬ ਵਿਚ ਲੰਮੇ ਸਮੇਂ ਤੱਕ ਜੰਮਣ ਵੇਲੇ ਕੁੜੀਆਂ ਨੂੰ ਮਾਰ ਦੇਣ ਦੀ ਪਰੰਪਰਾ ਰਹੀ (ਜੋ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਹੈ) ਉਹ ਅਮੂਮਨ ਘੜੇ ਵਿਚ ਉਸ ਨੰਨ੍ਹੀ ਬੱਚੀ ਨੂੰ ਪਾ ਕੇ ਦੱਬ ਦਿੰਦੇ, ਦਾਈ ਨੂੰ ਸੰਘੀ ਵਿਚ ਅੰਗੂਠਾ ਦੇ ਦੇਣ ਲਈ ਕਹਿੰਦੇ ਜਾਂ ਘੜੇ ਵਿਚ ਗੁੜ ਰੂੰ ਦੇ ਨਾਲ ਨਹਿਰ ਦਰਿਆ ਵਿਚ ਰੋੜ੍ਹ ਆਉਂਦੇ। ਇਸ ਅਮਾਨਵੀ ਕਾਰੇ ਨੂੰ ਲੋਕ ਗੀਤ ਵਿਚ ਇੰਜ ਪੇਸ਼ ਕੀਤਾ ਜਾਂਦਾ–

**ਗੁੜ ਖਾਵੀਂ, ਪੂਣੀ ਕੱਤੀਂ**
**ਆਪ ਨਾ ਆਈਂ, ਵੀਰ ਨੂੰ ਘੱਤੀਂ...**

ਪੁੱਤਰ ਦੇ ਜਨਮ ਨੂੰ ਜਸ਼ਨ ਵਾਂਗ ਹਰ ਪੜਾਅ 'ਤੇ ਮਨਾਇਆ ਜਾਂਦਾ। ਜਨਮ ਉਪਰੰਤ ਜਿਹੜਾ ਵੀ ਸਾਰਥ ਘਰ ਵਿਚ ਕੀਤਾ ਜਾਂਦਾ, ਉਦੋਂ ਗੀਤਾਂ ਦੀ ਛਹਿਬਰ ਲੱਗ ਜਾਂਦੀ। ਮਰਦ ਲੋਕ ਜਿਥੇ ਖਾਣ-ਪੀਣ ਵਿਚ, ਮੌਜ ਮੇਲੇ ਵਿਚ ਜੁਟ ਜਾਂਦੇ, ਉਥੇ ਔਰਤਾਂ ਇਕੱਠੀਆਂ ਹੋ ਕੇ ਆਪਣੇ ਹਾਵ-ਭਾਵ ਗੀਤਾਂ ਵਿਚ ਪਰੋਣ ਲੱਗ ਪੈਂਦੀਆਂ–

**ਹਰਿਆ ਨੀ ਮਾਏ, ਹਰਿਆ ਨੀ ਭੈਣੇ**
**ਹਰਿਆ ਤੇ ਭਾਗੀਂ ਭਰਿਆ ਨੀ ਹਾਂ**
**ਜਿਤ ਦਿਹਾੜੇ ਮੇਰਾ ਹਰਿਆ ਨੀ ਜੰਮਿਆ**
**ਸੋਈਓ ਦਿਹਾੜਾ ਭਾਗੀਂ ਭਰਿਆ ਨੀ ਹਾਂ**
**ਜੰਮਦਾ ਨੀ ਹਰਿਆ ਪੱਟ ਵਲ੍ਹੇਟਿਆ**
**ਕੁੱਛੜ ਦਿਓ ਇਨ੍ਹਾਂ ਦਾਈਆਂ ਨੀ ਹਾਂ**
**ਕੀ ਕੁਝ ਦੇਣਾ ਇਨ੍ਹਾਂ ਦਾਈਆਂ ਤੇ ਮਾਈਆਂ**
**ਕੀ ਕੁਝ ਸਕੀਆਂ ਭੈਣਾਂ ਨੀ ਹਾਂ**
**ਪੰਜ ਰੁਪਈਏ ਇਨ੍ਹਾਂ ਦਾਈਆਂ ਤੇ ਮਾਈਆਂ**
**ਬੂਰੀ ਝੋਟੀ ਸਕੀਆਂ ਭੈਣਾਂ ਨੀ ਹਾਂ**
**ਸਿਹਰਾ ਲੈ ਮਾਲਣ ਦਰ ਪੁਰ ਆਈ**
**ਮਿਲਣ ਵਧਾਈਆਂ ਚਾਚੀਆਂ ਤਾਈਆਂ ਨੀ ਹਾਂ**
**ਭੂਆ ਤੇ ਭੈਣਾਂ ਸ਼ਗਨ ਮਨਾਉਂਦੀਆਂ**
**ਤੇਰ੍ਹਵਾਂ ਕਰਦੀਆਂ ਨੈਣਾਂ ਵੇ ਹਾਂ**

*

**ਧੰਨ ਤੇਰੀ ਮਾਂ ਭਲੀ ਵੇ ਮਹਾਰਾਜ**
**ਜਿਨ ਤੂੰ ਬੇਟੜਾ ਜਾਇਆ**
**ਧੰਨ ਤੇਰੀ ਚਾਚੀ ਭਲੀ ਵੇ ਮਹਾਰਾਜ**
**ਜਿਨ ਤੇਰਾ ਛੱਜ ਰਖਾਇਆ**
**ਧੰਨ ਤੇਰੀ ਭੈਣ ਭਲੀ ਵੇ ਮਹਾਰਾਜ**
**ਜਿਨ ਤੈਨੂੰ ਕੁੱਛੜ ਖਿਡਾਇਆ**
**ਧੰਨ ਤੇਰੀ ਮਾਮੀ ਭਲੀ ਵੇ ਮਹਾਰਾਜ**
**ਜਿਨ ਤੇਰਾ ਸੋਹਲਾ ਗਾਇਆ**

ਜਨਮ ਨਾਲ ਸੰਬੰਧਤ 'ਲੋਰੀ' ਕਾਵਿ-ਰੂਪ ਪੰਜਾਬੀ ਸਮਾਜ ਵਿਚ ਬੜੀ

ਅਹਿਮ ਥਾਂ ਰੱਖਦਾ ਰਿਹਾ ਹੈ। ਇਹ ਲੋਰੀਆਂ ਆਮ ਤੌਰ 'ਤੇ ਬੱਚੇ ਨੂੰ ਸੁਆਉਣ ਵੇਲੇ ਜਾਂ ਖਿਡਾਉਣ ਵੇਲੇ ਗਾਈਆਂ ਜਾਂਦੀਆਂ। ਘਰ ਦੀਆਂ ਸੁਆਣੀਆਂ ਜਿਨ੍ਹਾਂ ਵਿਚ ਬੱਚੇ ਦੀਆਂ ਭੈਣਾਂ, ਭੂਆ, ਮਾਸੀਆਂ, ਦਾਦੀ/ਨਾਨੀ ਹੁੰਦੀਆਂ, ਇਹ ਲੋਰੀਆਂ ਸੁਣਾਉਂਦੀਆਂ। ਇਨ੍ਹਾਂ ਵਿਚੋਂ ਉਨ੍ਹਾਂ ਦਾ ਬੱਚੇ ਪ੍ਰਤੀ ਲਾਡ, ਮੋਹ-ਪਿਆਰ, ਠਾਠਾਂ ਮਾਰ ਰਿਹਾ ਹੁੰਦਾ-

**ਸੌਂ ਜਾ ਕਾਕਾ ਤੂੰ**
**ਤੇਰੇ ਬੋਦੇ ਪੈ ਗਈ ਜੂੰ**
**ਕੱਢਣ ਵਾਲੀਆਂ ਮਾਸੀਆਂ**
**ਕਢਾਉਣ ਵਾਲਾ ਤੂੰ**

ਮਾਸੀਆਂ ਦਾ ਭਣੇਵੇਂ ਨਾਲ ਉਚੇਚਾ ਮੋਹ ਹੁੰਦਾ। ਜਦ ਬੱਚਾ ਨਾਨਕੇ ਹੁੰਦਾ ਤਾਂ ਮਾਸੀਆਂ ਉਸ ਨੂੰ ਖਿਡਾਉਂਦੀਆਂ ਤੇ ਲੋਰੀ ਦਿੰਦੀਆਂ। ਉਹ ਆਪਣਾ ਹੱਕ ਤੇ ਪਿਆਰ ਕੁਝ ਵਧੇਰੇ ਹੀ ਦਰਸਾਉਂਦੀਆਂ -

**ਝੂਟੇ ਮਾਅਟੇ**
**ਅੰਬ ਪੱਕੇ ਖਰਬੂਜ਼ੇ**
**ਪਹਿਲਾਂ ਪੱਕੇ ਨਾਨੇ ਦੇ**
**ਫੇਰ ਪੱਕੇ ਮਾਮੇ ਦੇ**
**ਫੇਰ ਪੱਕੇ ਨਾਨੀ ਦੇ**
**ਫੇਰ ਪੱਕੇ ਨਾਨੇ ਦੇ**
**ਖੱਟੇ ਖੱਟੇ ਦਾਦੀ ਦੇ**
**ਗਲੇ ਸੜੇ ਦਾਦੇ ਦੇ**
**ਕੰਨਾ ਮੁੰਨਾ ਕੁ...ਰ...ਰ**
**ਭਾਂਡਾ ਟੀਂਡਾ ਸਾਂਭ ਲਓ**
**ਕਾਲੀ ਨ੍ਹੇਰੀ ਆਈ ਜੇ**
**ਛੇਤੀ ਛੇਤੀ ਦੁੱਧ ਪੀ ਲੈ**
**ਕਾਕੇ ਦੀ ਬੋਦੀ ਵੱਡੀ ਹੋ ਗੀ...**

*

**ਅੱਲੜ੍ਹ ਬੱਲੜ ਬਾਵੇ ਦਾ**
**ਬਾਵਾ ਕਣਕ ਲਿਆਵੇਗਾ**
**ਬਾਵੀ ਬੈਠੀ ਛੱਟੇਗੀ**
**ਮਾਂ ਪੂਣੀਆਂ ਵੱਟੇਗੀ**
**ਬਾਵੀ ਮੰਨ ਪਕਾਵੇਗੀ**
**ਬਾਵਾ ਬੈਠਾ ਖਾਵੇਗਾ**

*

**ਮੇਰਾ ਕੁੱਕੂ ਰਾਣਾ ਰੋਂਦਾ**
**ਹਾਏ ਮੈਂ ਮਰ ਗਈ ਰੋਂਦਾ**
**ਨਾ ਰੋ ਦਾਨਿਆ ਵੇ**
**ਮਾਂ ਦੇ ਮਾਲ ਖਜ਼ਾਨਿਆਂ ਵੇ**
**ਤੇਰੀ ਗੋਦੀ ਗੋਦੀ ਵੇ**
**ਪਿਉ ਦੀ ਫੜਿਉਂ ਬੋਦੀ ਵੇ**
**ਮੇਰਾ ਕੁੱਕੂ ਰਾਣਾ ਰੋਂਦਾ**
**ਹਾਏ ਮੈਂ ਮਰ ਗਈ ਰੋਂਦਾ**

*

**ਸੌਂ ਜਾ ਕਾਕਾ ਸੌਂ ਜਾ**
**ਬਾਪੂ ਤੇਰਾ ਆਵੇਗਾ**
**ਤੇਰੇ ਲਈ ਖਿਡੌਣੇ ਲਿਆਵੇਗਾ**
**ਮਾਮਾ ਤੇਰਾ ਆਵੇਗਾ**
**ਚੀਜ਼ੀਆਂ ਲਿਆਵੇਗਾ**
**ਮਾਸੀ ਤੇਰੀ ਆਵੇਗੀ**
**ਸੋਹਣੇ ਕੱਪੜੇ ਲਿਆਵੇਗੀ**
**ਨਾਨਾ ਤੇਰਾ ਆਵੇਗਾ**
**ਸੋਨੇ ਦੀਆਂ ਮੋਹਰਾਂ ਲਿਆਵੇਗਾ**

*

**ਕਾਕਾ ਆਵੇ ਖੇਡ ਕੇ**
**ਮੰਨ ਪਕਾਵਾਂ ਵੇਲ ਕੇ**
**ਸ਼ੱਕਰ ਪਾਵਾਂ ਰੋਲ ਕੇ**
**ਘਿਉ ਪਾਵਾਂ ਤੋਲ ਕੇ**

*

**ਕਾਕਾ ਆਵੇ ਹੱਟੀਉਂ**
**ਗੁੜ ਕੱਢਾਂ ਮੱਟੀਉਂ**
**ਮੱਖਣ ਰੱਖਾਂ ਭੜੋਲੇ**
**ਚੂਰੀ ਕੁੱਟਾਂ ਓਹਲੇ**

*

**ਐਥੇ ਚੂਰੀ ਕੁੱਟੀ**
**ਐਥੇ ਦਹੀਂ ਦੀ ਫੁੱਟੀ**
**ਕਾਕਾ ਖੇਡ ਕੇ ਆਵੇਗਾ**
**ਇਹੋ ਚੂਰੀ ਖਾਵੇਗਾ**
**ਵੱਡਾ ਹੋ ਜਾਵੇਗਾ**

*

**ਵਾਹਵਾ ਕਾਕਾ ਬੱਲੀ**
**ਤੇਰੀ ਮਾਂ ਵਜਾਵੇ ਟੱਲੀ**
**ਤੇਰਾ ਪਿਉ ਵਜਾਵੇ ਛੈਣੇ**
**ਤੇਰੀ ਵਹੁਟੀ ਨੇ ਪਾ ਲਏ ਗਹਿਣੇ**


*

**ਨਿੱਕਾ ਜਿਹਾ ਕਾਕਾ, ਭੂੰਡ ਪਟਾਕਾ**
**ਛੱਲੀਆਂ ਦਾ ਰਾਖਾ**
**ਛੱਲੀਆਂ ਨੂੰ ਪੈ ਗਏ ਚੋਰ**
**ਕਾਕਾ ਭੱਜਾ ਅੰਮੀ ਕੋਲ**

ਪ੍ਰੋ. ਹਰੀ ਸਿੰਘ

# ਸਾਡੀਆਂ ਖੇਡਾਂ – ਸਾਡਾ ਵਿਰਸਾ

ਮੱਧਕਾਲ ਤੋਂ ਮਨੁੱਖ ਦਾ ਜ਼ਿੰਦਗੀ ਪ੍ਰਤੀ ਰਵੱਈਆ ਜਾਨਣ ਲਈ ਧਰਮ ਇਕ ਮੁੱਖ ਉਤਪ੍ਰੇਰਕ ਰਿਹਾ ਹੈ। ਸਿੱਖ ਜੀਵਨ-ਜਾਚ ਅਤੇ ਗੁਰਬਾਣੀ ਨੂੰ ਸਰਬ-ਵਿਆਹੀ ਹੋਣ ਕਾਰਨ ਵਰਤਮਾਨ ਸਮਾਜ ਉਸਾਰੀ ਵਿਚ ਵੱਖ-ਵੱਖ ਖ਼ਿੱਤਿਆਂ ਅਤੇ ਵਿਚਾਰਧਾਰਾਵਾਂ ਨੇ ਇਸ ਦੀ ਪ੍ਰਸੰਗਤਾ ਨੂੰ ਮੰਨਿਆ ਹੈ। ਗੁਰੂ ਨਾਨਕ ਜੀ ਤੋਂ ਦੱਸਵੇਂ ਨਾਨਕ ਤੱਕ ਦੇ ਸਫ਼ਰ ਦੌਰਾਨ ਇਤਿਹਾਸਕ ਘਟਨਾਵਾਂ ਅਤੇ ਸਿੱਖਿਆਵਾਂ ਨੇ ਸਿੱਖ ਜੀਵਨ-ਜਾਂਚ ਨੂੰ ਸਾਰਥਿਕਤਾ ਪ੍ਰਦਾਨ ਕੀਤੀ ਹੈ। ਸਿੱਖ ਇਤਿਹਾਸ ਵੀ ਸਿਰਜਕ ਧਿਰ ਦੀ ਬਜਾਏ ਗ਼ੈਰ-ਸਿੱਖ, ਸਮਕਾਲੀ ਅਤੇ ਪੱਛਮੀ ਵਿਦਵਾਨਾਂ ਦੁਆਰਾ ਰਚਿਆ ਗਿਆ। ਇਹ ਕੇਵਲ ਸਿਰਜਦੇ ਰਹੇ। ਇਸ ਪ੍ਰਕਿਰਿਆ ਵਿਚ ਕਈ ਪਰੰਪਰਾਵਾਂ ਅਤੇ ਪੱਧਤੀਆਂ ਇਤਿਹਾਸ ਅਤੇ ਵਰਤਮਾਨ ਰਚਨਾਵਾਂ ਵਿਚ ਅੱਖੋਂ-ਪਰੋਖੇ ਹੋ ਗਈਆਂ। ਖੇਡਾਂ ਦਾ ਇਤਿਹਾਸ ਮਨੁੱਖੀ ਸੱਭਿਅਤਾ ਨਾਲ ਜੁੜਿਆ ਹੋਇਆ ਇਤਿਹਾਸ ਹੈ। ਧਰਮ ਦਾ ਸੰਬੰਧ ਇਹਨਾਂ ਨਾਲ ਯੂਨਾਨੀ ਪਰੰਪਰਾ ਤੋਂ ਚੱਲਦਾ ਆ ਰਿਹਾ ਹੈ ਅਤੇ ਉਲੰਪਿਕ ਖੇਡਾਂ ਦੀ ਉਤਪਤੀ (776 ਬੀ.ਸੀ.) ਵੀ ਇਕ ਧਾਰਮਿਕ ਪ੍ਰਥਾ ਦੀ ਉਪਜ ਦਾ ਨਤੀਜਾ ਹੀ ਸੀ। ਸਰਟਿਨਟੀ (1999) ਅਨੁਸਾਰ-ਅਥਲੈਟਿਕਸ ਅਤੇ ਧਰਮ ਦਾ ਆਪਸੀ ਸੰਬੰਧ ਵਿਸ਼ਵ ਦੀਆਂ ਪ੍ਰਸਿੱਧ ਪਰੰਪਰਾਵਾਂ ਵਿਚ ਰਿਹਾ ਹੈ।



ਗੁਰੂ ਨਾਨਕ ਕਾਲ ਤੋਂ ਪਹਿਲਾਂ ਧਰਮ ਕਿਸੇ ਇਕ ਖਾਸ ਜਾਂ ਨਿਸ਼ਚਿਤ ਪੱਖ ਦੇ ਵਿਕਾਸ ਨੂੰ ਸੰਤੁਸ਼ਟ ਕਰਨ ਤੱਕ ਸੀਮਤ ਸੀ, ਜਿਵੇਂ ਸਰੀਰਕ ਪੱਖ ਅਧਿਆਤਮਿਕਤਾ ਤੋਂ ਅੱਡਰਾ ਵੇਖਿਆ ਜਾਣਾ। ਪਰ ਵਿਸ਼ਵ ਦੇ ਧਰਮਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਸੀ ਕਿ ਸਿੱਖ ਧਾਰਾ ਵਿਚ ਮਨੁੱਖੀ ਸਖ਼ਸੀਅਤ ਦੇ ਸੰਪੂਰਨ ਵਿਕਾਸ ਦੀ ਪ੍ਰੋੜ੍ਹਤਾ ਕੀਤੀ ਗਈ। ਇਸ ਤਰ੍ਹਾਂ ਸਮਾਜਿਕ ਪ੍ਰਾਣੀ ਦੇ ਅਧਿਆਤਮਿਕ ਪੱਖ ਤੋਂ ਇਲਾਵਾ ਸਰੀਰਕ, ਮਾਨਸਿਕ, ਸਮਾਜਿਕ, ਭਾਵਨਾਤਮਿਕ ਆਦਿ ਪੱਖਾਂ ਨੂੰ ਵੀ ਪ੍ਰਮੁੱਖਤਾ ਦਿੱਤੀ ਗਈ। ਇਹ ਸਭ ਨੂੰ ਅਧਿਆਤਮਿਕ ਜੀਵਨ ਨਾਲ ਜੋੜ ਕੇ ਵੇਖਿਆ ਗਿਆ ਹੈ।

ਗੁਰੂ ਸਾਹਿਬਾਨਾਂ ਨੇ ਖੇਡਾਂ ਨੂੰ ਸਮਾਜਿਕ ਸੰਬੰਧਾਂ ਦੀ ਯੋਗ ਉਸਾਰੀ ਅਤੇ ਮਨੁੱਖੀ ਵਿਵਹਾਰ ਨੂੰ ਘੜਨ ਹਿਤ ਵਰਤਿਆ। ਅਸਲ ਵਿਚ ਇਹ ਉਹਨਾਂ ਦਾ ਆਪਣਾ ਸੰਕਲਪ ਸੀ ਕਿ ਖੇਡਾਂ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨੂੰ ਪ੍ਰਸਾਰਨ ਹਿੱਤ ਸਰਬ ਪ੍ਰਵਾਨਿਤ ਸਮਾਜਿਕ ਬਰਾਬਰੀ ਅਤੇ ਯੋਗਤਾ ਨੂੰ ਉਭਾਰਨ ਦਾ ਯੋਗ ਸਾਧਨ ਹਨ। ਉਪਰੋਕਤ ਤੱਥਾਂ ਦੀ ਪ੍ਰੋੜ੍ਹਤਾ ਲਈ ਖੇਡਾਂ ਨਾਲ ਸੰਬੰਧਿਤ ਤੱਥਾਂ ਦੀ ਵਿਚਾਰ ਜ਼ਰੂਰੀ ਹੈ। ਸਰੀਰ ਖੇਡਾਂ ਦੇ ਖੇਤਰ ਦੀ ਮੁੱਢਲੀ ਇਕਾਈ ਹੈ ਜਾਂ ਸਰੀਰਕ ਪ੍ਰੁੱਖਤਾਈ ਖੇਡਾਂ ਦਾ ਮੁੱਖ ਮੰਤਵ ਹੈ। ਧਾਰਮਿਕ ਰਹਿਣੀ-ਬਹਿਣੀ ਅਤੇ ਧਾਰਮਿਕ ਉੱਦਮਾਂ ਲਈ ਸਰੀਰ ਨੂੰ ਕਸ਼ਟ ਦੇਣਾ ਜਾਂ ਨਕਾਰਾਤਮਕ ਨਜ਼ਰੀਏ ਨਾਲ ਵਿਚਾਰਨਾ ਰੱਦ ਕੀਤਾ ਗਿਆ ਹੈ। ਇਸ ਦੀ ਬਜਾਏ ਸਰੀਰ ਨੂੰ ਰੱਬ ਦਾ ਘਰ, ਪਵਿੱਤਰ ਸਥਾਨ, ਰੱਬੀ ਜੋਤ ਦਾ ਸਥਾਨ ਅਤੇ ਰੱਬੀ ਰਹਿਮਤ ਪ੍ਰਾਪਤੀ ਦਾ ਸਾਧਨ ਕਹਿ ਕੇ ਅਪਣਾਇਆ ਗਿਆ ਹੈ।

ਸਮਕਾਲੀ ਅਤੇ ਇਤਿਹਾਸਕ ਤੱਥਾਂ ਤੋਂ ਇਹ ਸਪੱਸ਼ਟ ਹੈ ਕਿ ਤੀਰ-ਅੰਦਾਜ਼ੀ, ਨਿਸ਼ਾਨੇਬਾਜ਼ੀ, ਤਲਵਾਰਬਾਜ਼ੀ, ਘੋਲ, ਘੋੜ-ਸਵਾਰ ਅਤੇ ਪੋਲੋ ਆਦਿ ਪ੍ਰਮੁੱਖ ਖੇਡਾਂ ਹਨ ਜਿਨ੍ਹਾਂ ਨੂੰ ਗੁਰੂ ਸਾਹਿਬਾਨਾਂ ਨੇ ਉਤਸ਼ਾਹਿਤ ਕੀਤਾ। ਸਿੱਖ ਖੇਡ ਪਰੰਪਰਾ ਦਾ ਨੀਂਹ ਪੱਥਰ ਉਦੋਂ ਹੀ ਰੱਖਿਆ ਗਿਆ ਸੀ ਜਦੋਂ 1540 ਈ. ਵਿਚ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ 'ਮੱਲ ਅਖਾੜੇ' ਦੀ ਸਥਾਪਨਾ ਕੀਤੀ ਸੀ। ਮੱਲ ਅਖਾੜੇ ਦਾ ਸ਼ਬਦੀ ਅੱਖਰਾਂ ਵਿਚ ਭਾਵ— ਪਹਿਲਵਾਨਾਂ ਦੇ ਘੁਲਣ ਵਾਲੇ ਅਖਾੜੇ — ਤੋਂ ਹੈ। ਇਥੇ ਗੁਰੂ ਸਾਹਿਬ ਆਪ ਨੌਜੁਆਨਾਂ ਨੂੰ ਘੋਲ ਦੀ ਤਿਆਰੀ ਕਰਾਇਆ ਕਰਦੇ ਸਨ। ਇਸੇ ਜਗ੍ਹਾ 'ਤੇ ਸਿੱਖਾਂ ਨੂੰ ਰੋਜ਼ਾਨਾ ਕਸਰਤ ਕਰਵਾਇਆ ਕਰਦੇ ਸਨ। ਅੱਜਕਲ੍ਹ ਇਸੇ ਜਗ੍ਹਾ 'ਤੇ ਖਡੂਰ ਸਾਹਿਬ ਵਿਖੇ 'ਮੱਲ ਅਖਾੜਾ' ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਜਿਹੜਾ ਬੀਜ ਗੁਰੂ ਅੰਗਦ ਦੇਵ ਜੀ ਨੇ ਇਸ ਅਖਾੜੇ ਦੇ ਰੂਪ ਵਿਚ ਬੀਜਿਆ ਸੀ, ਉਸ ਨੂੰ ਦੂਸਰੇ ਗੁਰੂ ਸਾਹਿਬਾਨਾਂ ਨੇ ਮੁਆਫਿਕ ਹਾਲਾਤ ਪ੍ਰਦਾਨ ਕਰਕੇ ਉਤਸ਼ਾਹਿਤ ਤੇ ਪ੍ਰਸਾਰਿਤ ਕੀਤਾ।

ਗੁਰੂ ਅਰਜਨ ਦੇਵ ਜੀ ਘੋੜ ਸਵਾਰੀ ਅਤੇ ਪੋਲੋ ਦੇ ਉੱਤਮ ਮਾਹਰ ਸਿੱਖ ਸਨ। ਇਤਿਹਾਸ ਹਾਮੀ ਭਰਦਾ ਹੈ ਕਿ ਗੁਰੂ ਜੀ ਦੇ ਵਿਆਹ ਸਮੇਂ, ਲੜਕੀ ਦੇ ਪਰਿਵਾਰ ਵੱਲੋਂ ਗੁਰੂ ਸਾਹਿਬ ਜੀ ਨੂੰ ਘੋੜ ਸੁਆਰੀ ਅਤੇ ਨੇਜ਼ੇਬਾਜੀ ਦੀ ਪ੍ਰਬੀਨਤਾ ਦਿਖਾਉਣ ਲਈ ਕਿਹਾ। ਗੁਰੂ ਸਾਹਿਬ ਨੇ ਇਹ ਸਵੀਕਾਰਾ ਕੀਤਾ। ਲੜਕੀ ਦੇ ਪਰਿਵਾਰ ਵਾਲਿਆਂ ਨੇ ਜੰਡ ਦੇ ਰੁੱਖ ਨੂੰ ਉਪਰੋਂ ਵੱਢ ਕੇ ਨੇਜ਼ੇ ਨਾਲ ਪੁੱਟਣ ਲਈ ਕਿਹਾ। ਗੁਰੂ ਸਾਹਿਬ ਨੇ ਇੰਨੀ ਤੇਜ਼

ਘੋੜਚਾਲ ਵਿਚ ਨੇਜ਼ਾ ਜੰਡ ਵਿਚ ਲਗਾਇਆ ਕਿ ਜੰਡ ਨੂੰ ਜੜ੍ਹ ਸਮੇਤ ਪੁੱਟ ਕੇ ਹੈਰਾਨ ਕਰ ਦਿੱਤਾ। ਗੁਰਦੁਆਰਾ ਜੰਡ ਸਾਹਿਬ ਜਲੰਧਰ ਜ਼ਿਲ੍ਹੇ ਵਿਚ ਅੱਜ ਵੀ ਇਸ ਅਨੋਖੇ ਕਰਤੱਵ ਨੂੰ ਤਾਜ਼ਾ ਕਰਦਾ ਹੈ। ਗੁਰੂ ਅਰਜਨ ਦੇਵ ਵੀ ਘੋੜ-ਸੁਆਰੀ ਦੀ ਪੋਲੋ ਖੇਡ ਦੀ ਤਕਨੀਕ ਤੋਂ ਚੰਗੀ ਤਰ੍ਹਾਂ ਜਾਣੂੰ ਸਨ। ਪੋਲੋ ਖੇਡਦੇ ਸਮੇਂ ਘੋੜੇ ਦੀ ਕਾਠੀ ਫੜਨਾ ਖੇਡ ਦੀ ਨਾਵਾਕਫ਼ੀ ਦਾ ਸੰਕੇਤ ਮੰਨਿਆ ਜਾਂਦਾ ਹੈ। ਗੁਰਬਾਣੀ ਵਿਚ ਇਸ ਸੰਬੰਧੀ ਫ਼ੁਰਮਾਨ ਹੈ :

**ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ॥**

(ਪੰਨਾ ੩੨੨)

ਗੁਰੂ ਹਰਿਗੋਬਿੰਦ ਸਾਹਿਬ ਨਾ ਕੇਵਲ ਇਕ ਸੰਤ-ਸਿਪਾਹੀ ਸਨ ਸਗੋਂ ਖੇਡ ਪ੍ਰਬੰਧਕ ਤੇ ਖੇਡਾਂ ਨੂੰ ਸਵੈ-ਰੱਖਿਆ ਵਜੋਂ ਵਰਤਣ ਵਿਚ ਵੀ ਮਾਹਿਰ ਸਨ। ਅਸਲ ਵਿਚ ਛੇਵੀਂ ਪਾਤਸ਼ਾਹੀ ਦਾ ਸਮਾਂ ਹੀ ਸਿੱਖ ਮਾਰਸ਼ਲ ਆਰਟਸ (ਜੰਗੀ ਸਿੱਖ ਖੇਡਾਂ) ਦਾ ਸਿਖ਼ਰ ਸੀ। ਆਪ ਜੀ ਘੋੜ-ਸਵਾਰੀ, ਨੇਜ਼ਾਬਾਜ਼ੀ, ਤਲਵਾਰਬਾਜੀ, ਘੋਲ ਅਤੇ ਗਤਕੇਬਾਜ਼ੀ ਵਿਚ ਮਾਹਿਰ ਸਨ। ਵਿਸ਼ਵ ਚਿੰਤਕਾਂ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖ ਨੂੰ ਸਰੀਰਕ ਯੋਗਤਾ ਵਿਚ ਭਰਪੂਰ ਵਾਧਾ ਕਰਨ ਦੀ ਤਾਕੀਦ ਕੀਤੀ ਅਤੇ ਆਪਣੇ ਆਪ ਨੂੰ ਉਦਾਹਰਣ ਵਜੋਂ ਪੇਸ਼ ਕੀਤਾ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਜੰਗੀ ਖੇਡਾਂ ਵਿਚ ਮਾਹਰ ਸਨ। ਉਨ੍ਹਾਂ ਅਨੁਸਾਰ ਆਪ ਜੀ ਨੇ ਘੋੜ-ਸਵਾਰੀ ਵਿਚ ਮੁਹਾਰਤ ਹਾਸਲ ਕੀਤੀ ਸੀ ਅਤੇ ਫ਼ੌਜੀ ਕਾਰਵਾਈ ਦੀ ਤਕਨੀਕ ਦੇ ਚੰਗੇ ਜਾਣਕਾਰ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਖੇਡ ਪਰੰਪਰਾ ਨੂੰ ਸਿਰੇ ਚੜ੍ਹਾਇਆ ਅਤੇ ਇਸ ਨਾਲ ਤਿਉਹਾਰ ਜੋੜ ਕੇ ਇਸ ਦੀ ਪ੍ਰਗਤੀ ਦੀ ਸਦੀਵੀ ਨੀਂਹ ਰੱਖੀ। ਸੰਨ 1680 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਜਿਹੇ ਪਰੰਪਰਾਗਤ ਤਿਉਹਾਰ ਨੂੰ ਹੋਲਾ-ਮਹੱਲਾ ਦਿਵਸ ਵਜੋਂ ਤਬਦੀਲ ਕਰਕੇ ਸਿੱਖ ਖੇਡ ਪਰੰਪਰਾ ਦੀ ਨੀਂਹ ਪੱਕੀ ਕੀਤੀ। ਉਨ੍ਹਾਂ ਸਮੂਹ ਸਿੱਖਾਂ ਨੂੰ ਇਸ ਦਿਨ ਤੀਰ-ਅੰਦਾਜ਼ੀ, ਘੋੜ-ਸਵਾਰੀ, ਤਲਵਾਰਬਾਜ਼ੀ, ਨਿਸ਼ਾਨੇਬਾਜ਼ੀ ਅਤੇ ਘੋਲ ਆਦਿ ਖੇਡਾਂ ਦਾ ਪ੍ਰਬੰਧ ਕਰਨ ਦੀ ਤਾਕੀਦ ਕੀਤੀ।

ਇਨ੍ਹਾਂ ਖੇਡਾਂ ਦਾ ਮੰਤਵ ਜੇਤੂਆਂ ਦੀ ਚੋਣ ਨਹੀਂ ਸੀ ਸਗੋਂ ਖੇਡ ਪੱਧਰ ਨੂੰ ਉੱਚਾ ਚੁੱਕਣਾ ਸੀ ਅਤੇ ਖੇਡ ਪਰੰਪਰਾ ਨੂੰ ਸਿੱਖ ਜੀਵਨ-ਜਾਂਚ ਦਾ ਅਨਿੱਖੜਵਾਂ ਅੰਗ ਬਣਾਉਣਾ ਸੀ। ਦੂਜੇ ਪਾਸੇ ਗੁਰੂ ਸਾਹਿਬ ਆਪ ਖ਼ੁਦ ਵੀ ਇਨ੍ਹਾਂ ਖੇਡਾਂ ਵਿਚ ਮਾਹਿਰ ਸਨ। ਆਪ ਨੇ ਇਹ ਵਿਦਿਆ ਬਚਪਨ ਵਿਚ ਹੀ ਹਾਸਲ ਕੀਤੀ ਸੀ। ਆਪ ਜੀ ਦਾ ਵੱਖ-ਵੱਖ ਜਗ੍ਹਾ 'ਤੇ ਪਿਆ ਖੇਡਾਂ ਦਾ ਸਮਾਨ ਅਤੇ ਸ਼ਸਤਰਾਂ ਬਾਰੇ ਇਕ ਪੁਰਾਣੇ ਗ੍ਰੰਥ ਤੋਂ ਵੀ ਪਤਾ ਲੱਗ ਜਾਂਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬਾਂ ਦੇ ਜੀਵਨ ਕਾਲ ਵਿਚ ਹੀ ਸਿੱਖ ਖੇਡਾਂ ਦੀ ਸਦੀਵੀ ਪਰੰਪਰਾ ਹੋਂਦ ਵਿਚ ਆ ਗਈ ਸੀ।

ਸਮੂਹ ਸੰਸਾਰਕ ਸੱਭਿਅਤਾਵਾਂ ਅਤੇ ਪਰੰਪਰਾਗਤ ਖੇਡਾਂ ਦਾ ਅਮੀਰ ਵਿਰਸਾ ਜ਼ਰੂਰ ਹੈ। ਇਨ੍ਹਾਂ ਵਿਚੋਂ ਹੀ ਕੁਝ ਖੇਡਾਂ ਰਾਸ਼ਟਰੀ, ਅੰਤਰ-ਰਾਸ਼ਟਰੀ ਹੈਸੀਅਤ ਹਾਸਲ ਕਰ ਚੁੱਕੀਆਂ ਹਨ ਅਤੇ ਕੁਝ ਕੇਵਲ ਭਾਈਚਾਰੇ ਤੇ ਧਾਰਮਿਕ ਜਾਂ ਪਰੰਪਰਾਗਤ ਤਿਉਹਾਰਾਂ ਸਮੇਂ ਹੀ ਖੇਡੀਆਂ ਜਾਂਦੀਆਂ ਹਨ। ਖੇਡਾਂ ਆਪਣੇ-ਆਪਣੇ ਦੇਸ਼ ਦੀ ਸੱਭਿਅਕ ਦਿੱਖ ਦਾ ਮਹੱਤਵਪੂਰਨ ਅੰਗ ਹੁੰਦੀਆਂ ਹਨ। ਸਮੇਂ ਨਾਲ ਇਹ ਪਰੰਪਰਾਗਤ ਖੇਡਾਂ ਆਪਸੀ ਮੁਕਾਬਲਿਆਂ ਦਾ ਰੂਪ ਧਾਰਨ ਕਰ ਗਈਆਂ ਅਤੇ ਅਸਲ ਵਿਚ ਹਰ ਅੰਤਰ-ਰਾਸ਼ਟਰੀ ਪੱਧਰ 'ਤੇ ਖੇਡੀ ਜਾਣ ਵਾਲੀ ਖੇਡ ਦਾ ਇਕੋ ਜਿਹਾ ਹੀ ਇਤਿਹਾਸ ਹੈ। ਸਿੱਖ ਗੁਰੂ ਸਾਹਿਬਾਨਾਂ ਨੇ ਆਪਣੇ ਸਿੱਖਾਂ ਲਈ ਇਨ੍ਹਾਂ ਖੇਡਾਂ ਨੂੰ ਅਪਨਾਉਣ ਸਮੇਂ ਸਮਕਾਲੀ, ਸਮਾਜਿਕ ਅਤੇ ਰਾਜਨੀਤਕ ਜ਼ਰੂਰਤ ਨੂੰ ਮੁੱਖ ਰੱਖਿਆ। ਇਸ ਲਈ ਜ਼ਿਆਦਾਤਰ ਜੰਗੀ ਖੇਡਾਂ ਜਿਵੇਂ ਕਿ ਘੋੜ-ਸਵਾਰੀ, ਤੀਰ-ਅੰਦਾਜ਼ੀ, ਸ਼ਿਕਾਰ ਖੇਡਣਾ, ਗਤਕਾ, ਤਲਵਾਰਬਾਜ਼ੀ, ਕੁਸ਼ਤੀਆਂ ਆਦਿ ਨੂੰ ਉਤਸ਼ਾਹਿਤ ਕੀਤਾ ਅਤੇ ਇਹ ਅਪਨਾਈਆਂ ਵੀ ਗਈਆਂ। ਇਨ੍ਹਾਂ ਦੇ ਵਿਸ਼ੇਸ਼ ਮੰਤਵ ਲਈ ਅਭਿਆਸ ਹੁੰਦਾ ਸੀ, ਜਿਵੇਂ ਸਵੈ-ਰੱਖਿਆ ਦੀ ਤਿਆਰੀ, ਸਰੀਰਕ-ਕੁਸ਼ਲਤਾ ਦਾ ਵਿਕਾਸ, ਵਿਅਕਤੀਗਤ ਅਤੇ ਸਮੂੰਹ ਸਿਹਤ, ਵਿਅਕਤਤੀਵ ਦਾ ਵਿਕਾਸ। ਕੁਸ਼ਤੀ (ਮੱਲ ਯੁੱਧ) ਸਿੱਖਾਂ ਵਿਚ ਸਭ ਤੋਂ ਪਹਿਲਾਂ ਪ੍ਰਚਲਿਤ ਹੋਈ ਖੇਡ ਹੈ, ਜਿਸ ਦਾ ਇਤਿਹਾਸ ਮਨੁੱਖਤਾ ਜਿੰਨਾ ਪੁਰਾਣਾ ਹੈ। ਅੰਤਰ-ਰਾਸ਼ਟਰੀ ਪੱਧਰ 'ਤੇ ਖੇਡੀ ਜਾਣ ਵਾਲੀ ਇਹ ਖੇਡ ਸੰਸਾਰ ਦੇ ਹਰ ਵਰਗ ਵਿਚ ਵੱਖ-ਵੱਖ ਵਿਧੀਆਂ ਵਿਚ ਖੇਡੀ ਜਾਂਦੀ ਹੈ। ਕੁਸ਼ਤੀ ਗੁਰੂ ਕਾਲ ਦੌਰਾਨ ਸਿੱਖ ਲੋਕ ਵਿਚ ਪ੍ਰਚਲਿਤ ਖੇਡ ਸੀ। ਇਸ ਖੇਡ ਦੀ ਸਿਖਰ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਮਿਲਦੀ ਹੈ। ਇਹ ਜੰਗ ਦੀ ਮਹੱਤਵਪੂਰਨ ਵਿਧੀ ਹੋਣ ਕਰਕੇ ਯੁੱਧ ਕਹੀ ਜਾਂਦੀ ਸੀ ਅਤੇ ਦੋਵਾਂ ਵਿਚਾਲੇ ਮੁਕਾਬਲੇ ਨੂੰ 'ਮੱਲ ਯੁੱਧ' ਕਿਹਾ ਜਾਂਦਾ ਸੀ। ਰਸਮੀ ਤੌਰ 'ਤੇ ਇਸ ਖੇਡ ਨੂੰ ਗੁਰੂ ਅੰਗਦ ਦੇਵ ਜੀ ਨੇ ਸਿੱਖਾਂ ਵਿਚ ਪ੍ਰਚਲਿਤ ਕੀਤਾ ਅਤੇ 1540 ਈ. ਵਿਚ ਹੋਈ ਮੱਲ-ਅਖਾੜੇ ਦੀ ਸਥਾਪਨਾ ਨਾਲ ਇਸ ਦਾ ਪ੍ਰਸਾਰ ਹੋਇਆ। ਇਸ ਖੇਡ ਦੇ ਪ੍ਰਸਾਰ ਲਈ ਗੁਰੂ ਅੰਗਦ ਦੇਵ ਜੀ ਨੇ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਨੂੰ ਅਖਾੜਿਆਂ ਵਿਚ ਤਬਦੀਲ ਕੀਤਾ ਅਤੇ ਲੋਕਾਂ ਨੂੰ ਇਸ ਖੇਡ ਵੱਲ ਪ੍ਰੇਰਿਤ ਕੀਤਾ। ਉਹ ਆਪ ਖਿਡਾਰੀਆਂ ਨੂੰ ਖਿਡਾਉਂਦੇ ਅਤੇ ਉਤਸ਼ਾਹਿਤ ਕਰਦੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਇਸ ਖੇਡ ਦੇ ਪ੍ਰਸਾਰ ਲਈ ਵਿਸ਼ੇਸ਼ ਯੋਗਦਾਨ ਪਾਇਆ। ਉਨ੍ਹਾਂ ਦਾ ਸ਼ਿਸ਼ ਪੈਂਦੇ ਖ਼ਾਨ ਪਹਿਲਵਾਨ ਬੜੀ ਸ਼ੁਹਰਤ ਦਾ ਮਾਲਕ ਸੀ। ਉਨ੍ਹਾਂ ਨੇ ਸਿੱਖਾਂ ਨੂੰ ਸਿਖਲਾਈ ਦੇਣ ਲਈ ਕਈ ਪਹਿਲਵਾਨ ਨਿਯੁਕਤ ਕੀਤੇ ਅਤੇ ਉਨ੍ਹਾਂ ਨਾਲ ਕੁਸ਼ਤੀ ਕਰਦੇ ਤੇ ਦੇਖਦੇ। ਗੁਰੂ ਗੋਬਿੰਦ ਸਿੰਘ ਵੀ ਕੁਸ਼ਤੀਆਂ ਵਿਚ ਖ਼ਾਸ ਰੁਚੀ ਲੈਂਦੇ ਸਨ ਅਤੇ ਉਨ੍ਹਾਂ ਦੇ ਦਰਬਾਰ ਵਿਚ ਇਨ੍ਹਾਂ ਦਾ ਪ੍ਰਦਰਸ਼ਨ ਆਮ ਸੀ।

ਗਤਕਾ ਸਿੱਖ ਵਿਰਸੇ ਦਾ ਅਨਿੱਖੜਵਾਂ ਅੰਗ ਹੈ ਅਤੇ ਵਰਤਮਾਨ ਸਮੇਂ ਵਿਚ ਧਾਰਮਿਕ ਸਮਾਗਮਾਂ ਦੌਰਾਨ ਇਸ ਦੀ ਵਿਸ਼ਾਲਤਾ ਨੂੰ ਦੇਖਿਆ ਜਾ ਸਕਦਾ ਹੈ। ਗਤਕੇ ਦਾ ਇਤਿਹਾਸ ਵੀ ਕੁਸ਼ਤੀਆਂ ਦੀ ਤਰ੍ਹਾਂ ਪੁਰਾਣਾ ਹੈ। ਖੇਡ ਵਿਗਿਆਨੀ ਕੈਂਟ (1968) ਅਨੁਸਾਰ ਗਤਕਾ ਲਿਖਤ ਇਤਿਹਾਸ ਤੋਂ ਪਹਿਲਾਂ ਵੀ ਖੇਡਿਆ ਜਾਂਦਾ ਸੀ ਅਤੇ ਜੰਗ ਦੀ ਤਿਆਰੀ ਲਈ ਇਸ ਦੀ ਵਰਤੋਂ ਆਮ ਸੀ। ਉਸ ਸਮੇਂ ਸੱਜੇ ਹੱਥ ਵਿਚ ਗਤਕਾ ਅਤੇ ਖੱਬੇ ਹੱਥ ਪਕੜੀ ਢਾਲ ਨੂੰ ਵਾਰ ਰੋਕਣ ਵਾਸਤੇ ਵਰਤਿਆ ਜਾਂਦਾ ਸੀ। ਖੱਬੇ ਹੱਥ ਦੀ ਰੱਖਿਆ ਲਈ ਨਰਮ ਗੱਦੀ ਜਾਂ ਮੋਟਾ ਚਮੜਾ ਵਰਤਿਆ ਜਾਂਦਾ ਸੀ। ਖੱਬੇ ਹੱਥ ਦੀ ਰੱਖਿਆ ਲਈ ਨਰਮ ਗੱਦੀ ਜਾਂ ਮੋਟਾ ਚਮੜਾ ਵਰਤਿਆ ਜਾਂਦਾ ਸੀ। ਪਰ ਇਹ ਸੰਤੋਸ਼ਜਨਕ ਰੱਖਿਆ ਦਾ ਸਾਧਨ ਨਹੀਂ ਸੀ। ਇਹ ਪੁਰਾਤਨ ਸਮੇਂ ਦੇ ਮਿਲੇ ਪਿੰਜਰਾਂ ਤੋਂ ਪਤਾ ਲੱਗਦਾ ਹੈ। ਭਾਰਤ ਵਿਚ ਅੱਜ ਵੀ ਗਤਕਾ ਕਈ ਰੂਪਾਂ ਵਿਚ ਪ੍ਰਚੱਲਤ ਹੈ। ਗਤਕਾ ਸ਼ਬਦ ਫ਼ਾਰਸੀ ਭਾਸ਼ਾ ਦੇ ਸ਼ਬਦ 'ਕੁਤਕ' ਤੋਂ

ਲਿਆ ਗਿਆ ਹੈ, ਜਿਸ ਦਾ ਭਾਵ ਹੈ-ਡੰਡਾ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਗਤਕਾ ਸਾਦਾ ਯੁੱਧ ਦੀ ਤਿਆਰੀ ਲਈ ਵਰਤਿਆ ਜਾਣ ਵਾਲਾ ਇਕ ਡੰਡਾ ਹੈ, ਜਿਸ ਦੀ ਲੰਬਾਈ ਇਕ ਗਜ ਦੇ ਕਰੀਬ ਹੁੰਦੀ ਹੈ। ਗਤਕੇ ਦੇ ਹੋਰ ਕਈ ਪ੍ਰਚਲਿਤ ਨਾਂ ਹਨ ਜਿਵੇਂ ਕਿ ਪੁਲੱਥਾ, ਡੰਡਾ, ਸੋਟਾ, ਲੱਕੜੀ, ਕੁਤਕਾ, ਖੁਤਕਾ, ਪਟਹ, ਫੁਲੱਥਾ, ਸਲੋਤਰ, ਪੁਲਾਦ ਅਤੇ ਮੁਤਹਰਾ। ਗਤਕੇ ਦੀ ਖੇਡ ਨੂੰ ਲੱਕੜੀਬਾਜ਼ੀ, ਫੁਲੱਥੇਬਾਜ਼ੀ, ਗਤਕੇਬਾਜ਼ੀ, ਪਟਹਬਾਜ਼ੀ, ਖੁਤਕੇਬਾਜ਼ੀ, ਇਕ-ਅੰਗੀ, ਦੋ-ਅੰਗੀ ਅਤੇ ਪੁਲੱਥੇਬਾਜ਼ੀ ਵੀ ਕਿਹਾ ਜਾਂਦਾ ਹੈ।

ਗਤਕਾ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਸਿੱਖਾਂ ਵਿਚ ਪ੍ਰਚਲਿਤ ਹੋਇਆ। ਉਨ੍ਹਾਂ ਭਾਈ ਪਰਾਗਾ ਜੀ ਨੂੰ ਗਤਕਾ ਸਿਖਾਉਣ ਲਈ ਨਿਯੁਕਤ ਕੀਤਾ ਅਤੇ ਹਰ ਰੋਜ਼ ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਇਸ ਦਾ ਪ੍ਰਦਰਸ਼ਨ ਹੁੰਦਾ ਸੀ। ਗੁਰੂ ਤੇਗ ਬਹਾਦਰ ਜੀ ਨੇ ਵੀ ਗਤਕੇ ਦੀ ਸਿੱਖਿਆ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਹਾਸਲ ਕੀਤੀ ਸੀ।

ਗੁਰੂ ਗੋਬਿੰਦ ਸਿੰਘ ਜੀ ਵੀ ਗਤਕੇ ਦੇ ਮਾਹਰ ਸਨ ਅਤੇ ਆਪ ਸਿੱਖਾਂ ਦੇ ਮੁਕਾਬਲੇ ਕਰਾਉਂਦੇ ਹੁੰਦੇ ਸਨ। ਤੀਰ-ਅੰਦਾਜ਼ੀ-ਇਕ ਹੋਰ ਜੰਗੀ ਕਿਰਿਆ ਹੈ ਜਿਸ ਨੂੰ ਗੁਰੂ ਸਾਹਿਬ ਨੇ ਅਪਣਾਇਆ ਅਤੇ ਸਿੱਖਾਂ ਵਿਚ ਪ੍ਰਚਲਿਤ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਤੀਰ-ਅੰਦਾਜ਼ੀ ਵਿਚ ਨਿਪੁੰਨ ਸਨ। ਉਨ੍ਹਾਂ ਆਪਣੀ ਲਾਹੌਰ ਫੇਰੀ ਦੌਰਾਨ ਇਕ ਨਕਲੀ ਬਣਾਈ ਮਛਲੀ 'ਤੇ ਤੀਰ ਨਾਲ ਨਿਸ਼ਾਨਾ ਲਾਇਆ ਸੀ।

ਗੁਰੂ ਹਰਿਗੋਬਿੰਦ ਸਾਹਿਬ ਸਿੱਖਾਂ ਨੂੰ ਤੀਰ-ਅੰਦਾਜ਼ੀ ਦੀ ਸਿੱਖਿਆ ਦੇਣ ਲਈ ਰੇਤ ਦੀਆਂ ਬੋਰੀਆਂ ਦੀ ਵਰਤੋਂ ਕਰਿਆ ਕਰਦੇ ਸਨ। ਇਸ ਨਾਲ ਤੀਰ-ਅੰਦਾਜ਼ ਦੀ ਤਾਕਤ ਅਤੇ ਤਕਨੀਕ ਦੀ ਪਰਖ ਕੀਤੀ ਜਾਂਦੀ ਸੀ। ਗੁਰੂ ਸਾਹਿਬ ਇਸ ਵਿਚ ਬਹੁਤ ਪਰਪੱਕ ਸਨ।

ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪਣੇ ਬਾਲਕ ਪੁੱਤਰ ਗੋਬਿੰਦ ਰਾਏ ਜੀ ਦੀ ਸਿੱਖਿਆ ਲਈ ਭਾਈ ਬਜਰ ਜੀ ਅਤੇ ਭਾਈ ਸ਼ਾਹਦਰਾ ਜੀ ਨੂੰ ਨਿਯੁਕਤ ਕੀਤਾ, ਜਿਨ੍ਹਾਂ ਬਾਲ ਗੁਰੂ ਜੀ ਨੂੰ ਤੀਰ-ਅੰਦਾਜ਼ੀ ਦੀ ਸਿੱਖਿਆ ਦਿੱਤੀ। ਬਚਪਨ ਸਮੇਂ ਉਹ ਤੀਰ-ਅੰਦਾਜ਼ੀ ਅਤੇ ਗੁਲੈਲ ਨਾਲ ਨਿਸ਼ਾਨੇ ਲਗਾ ਕੇ ਪਰਪੱਕ ਕਰਦੇ ਸਨ। ਇਸ ਪਿੱਛੋਂ ਅਭਿਆਸ ਲਈ ਛੋਟੇ-ਛੋਟੇ ਤੀਰ ਕਮਾਨ ਤਿਆਰ ਕਰਵਾਏ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਤੀਰ-ਅੰਦਾਜ਼ੀ ਵਿਚ ਸਿੱਖਾਂ ਨੂੰ ਪਰਪੱਕ ਕਰਨ ਲਈ ਵੱਖ-ਵੱਖ ਤਕਨੀਕਾਂ ਦੀ ਵਰਤੋਂ ਕੀਤੀ। ਤੀਰ-ਅੰਦਾਜ਼ੀ ਦੀ ਸਿੱਖਿਆ ਲਈ ਮਿੱਟੀ ਦੇ ਟਾਰਗਿਟ (ਖਾਕ ਤੋਦੇ) ਬਣਵਾਉਂਦੇ ਅਤੇ ਇਨ੍ਹਾਂ 'ਤੇ ਤੀਰ-ਅੰਦਾਜ਼ ਨਿਸ਼ਾਨੇ ਲਗਾਉਂਦੇ। ਇਨ੍ਹਾਂ 'ਤੇ ਨਿਸ਼ਾਨੇ ਲਗਾਉਣ ਲਈ ਖਾਸ ਕਿਸਮ ਦੇ ਤੀਰਾਂ ਦੀ ਵਰਤੋਂ ਕੀਤੀ ਜਾਂਦੀ ਸੀ ਜੋ ਕਿ ਅਜੋਕੇ ਸਮੇਂ ਦੇ ਸਿਖਲਾਈ ਦੇ ਨਾਲ ਮਿਲਦੀ-ਜੁਲਦੀ ਤਕਨੀਕ ਹੈ। ਇਨ੍ਹਾਂ ਤੀਰਾਂ ਨੂੰ 'ਲੈਸ' ਕਿਹਾ ਜਾਂਦਾ ਸੀ ਜੋ ਕਿ ਅਗਲੇ ਪਾਸਿਉਂ ਆਮ ਤੀਰ ਤੋਂ ਜ਼ਿਆਦਾ ਭਾਰੇ ਹੁੰਦੇ ਸਨ ਅਤੇ ਕੇਵਲ ਸਿਖਲਾਈ ਲਈ ਹੀ ਵਰਤੇ ਜਾਂਦੇ ਸਨ। ਇਨ੍ਹਾਂ ਨਾਲ ਤੀਰ-ਅੰਦਾਜ਼ ਦੀ ਤਾਕਤ ਅਤੇ ਤਕਨੀਕ ਦੀ ਜਾਣਕਾਰੀ ਮਿਲਦੀ ਸੀ ਉਸ ਦੀ ਨਿਸ਼ਚਤ ਸਿਖਲਾਈ ਹੁੰਦੀ ਰਹਿੰਦੀ ਸੀ।

ਘੋੜ-ਸਵਾਰੀ ਰਾਜਿਆਂ ਦੀ ਖੇਡ ਵਜੋਂ ਜਾਣੀ ਜਾਂਦੀ ਸੀ, ਕਿਉਂਕਿ ਸ਼ਾਹੀ ਖ਼ਾਨਦਾਨ ਹੀ ਘੋੜੇ ਪਾਲ ਸਕਦੇ ਸਨ। ਗੁਰੂ ਸਾਹਿਬਾਂ ਨੇ ਇਹ ਸ਼ਾਹੀ ਖੇਡ ਆਮ ਲੋਕਾਂ ਵਿਚ ਪ੍ਰਚਲਿਤ ਕੀਤੀ। ਗੁਰੂ ਘਰ ਵਿਚ ਘੋੜਿਆਂ ਦੀ ਵਰਤੋਂ ਆਮ ਸੀ। ਗੁਰੂ ਅਰਜਨ ਦੇਵ ਜੀ ਨਾ ਕੇਵਲ ਘੋੜ-ਸਵਾਰੀ ਅਤੇ ਪੋਲੋ ਵਿਚ ਮਾਹਿਰ ਸਨ ਸਗੋਂ ਉਨ੍ਹਾਂ ਨੇ ਸਿੱਖਾਂ ਨੂੰ ਘੋੜਿਆਂ ਦਾ ਵਪਾਰ ਕਰਨ ਲਈ ਵੀ ਕਾਬਲ, ਕੰਧਾਰ ਅਤੇ ਬਗ਼ਦਾਦ ਭੇਜਿਆ। ਇਸ ਨਾਲ ਘੋੜੇ ਦੀ ਸਵਾਰੀ ਆਮ ਹੋਈ।

ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਘੋੜ-ਸਵਾਰੀ ਦੇ ਮਾਹਿਰ ਸਨ ਅਤੇ ਆਪਣੇ ਹੁਕਮਨਾਮਿਆਂ ਵਿਚ ਆਪਣੇ ਸਿੱਖਾਂ ਨੂੰ ਚੰਗੇ ਘੋੜ-ਸਵਾਰ ਬਣਨ ਤੇ ਚੰਗੇ ਘੋੜੇ ਲੈ ਕੇ ਆਉਣ ਲਈ ਕਹਿੰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਵੀ ਚੰਗੇ ਅਵਸਰਾਂ ਦਾ ਜ਼ਿਕਰ ਮਿਲਦਾ ਹੈ।

ਸ਼ਿਕਾਰ—ਇਕ ਹੋਰ ਜੰਗੀ ਖੇਡ ਹੈ ਜੋ ਨਾ ਕੇਵਲ ਚੰਗੇ ਸਿਪਾਹੀ ਪੈਦਾ ਕਰਨ ਵਿਚ ਸਹਾਇਕ ਹੁੰਦੀ ਹੈ ਸਗੋਂ ਚੰਗੇ ਖਿਡਾਰੀ ਬਣਾਉਣ ਵਿਚ ਵੀ ਆਪਣਾ ਵਿਸ਼ੇਸ਼ ਯੋਗਦਾਨ ਪਾਉਂਦੀ ਹੈ। ਫ਼ੌਜ ਦੀ ਤਿਆਰੀ ਦੌਰਾਨ ਜੁਝਾਰੂ ਤਕਨੀਕ ਲਈ, ਸਰੀਰਕ ਪੁਖਤਾਈ, ਘੋੜ-ਸਵਾਰੀ ਅਤੇ ਤੀਰ-ਅੰਦਾਜ਼ੀ ਵਿਚ ਮਾਹਿਰ ਬਣਾਉਣ ਲਈ ਇਕ ਮਹੱਤਵਪੂਰਨ ਸਾਧਨ ਹੈ। ਸਿੱਖ ਸਾਹਿਤ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਹਰਿ ਰਾਏ ਸਾਹਿਬ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਿਕਾਰ ਖੇਡਣ ਦਾ ਜ਼ਿਕਰ ਮਿਲਦਾ ਹੈ।


ਤੈਰਾਕੀ ਅਤੇ ਕੁਸ਼ਤੀ ਚਲਾਉਣਾ ਵੀ ਸਿੱਖਾਂ ਦੀ ਇਕ ਮਹੱਤਵਪੂਰਨ ਖੇਡ ਪ੍ਰਥਾ ਰਹੀ ਹੈ। ਜ਼ਿਆਦਾਤਰ ਸਿੱਖ ਕਸਬੇ, ਸ਼ਹਿਰ ਨਦੀਆਂ ਦੇ ਕਿਨਾਰੇ 'ਤੇ ਵੱਸੇ ਹੋਣ ਕਾਰਨ ਤੈਰਾਕੀ ਆਮ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸਿੱਖਾਂ ਵਿਚ ਤੈਰਾਕੀ ਦਾ ਜ਼ਿਕਰ ਮਿਲਦਾ ਹੈ।

ਬਚਪਨ ਵਿਚ ਗੁਰੂ ਗੋਬਿੰਦ ਸਿੰਘ ਜੀ ਇਸ ਵਿਚ ਖਾਸ ਰੁਚੀ ਰੱਖਦੇ ਸਨ ਅਤੇ ਉਹਨਾਂ ਦੀ ਰੋਜ਼ਾਨਾ ਦੇ ਕਾਰਜਕ੍ਰਮ ਦਾ ਅੰਗ ਸੀ। ਉਹ ਨਾਸ਼ਤੇ ਤੋਂ ਪਿੱਛੋਂ ਸਿੱਖਾਂ ਨੂੰ ਇਸ ਵਿਚ ਸਿੱਖਿਆ ਦਿੰਦੇ ਸਨ। ਉਹ ਪੰਦਰਾਂ ਸਾਲ ਦੀ ਉਮਰ ਵਿਚ ਨਿਸ਼ਾਨੇਬਾਜ਼ੀ ਵਿਚ ਪਰਪੱਕ ਹੋ ਗਏ ਸਨ। ਉਸ ਸਮੇਂ ਨਿਸ਼ਾਨੇਬਾਜ਼ੀ ਅੱਜ ਦੀ ਤਰ੍ਹਾਂ ਪਰਪੱਕ ਨਹੀਂ ਸੀ ਸਗੋਂ ਰਾਈਫ਼ਲਾਂ ਹੱਥਾਂ ਦੀਆਂ ਬਣੀਆਂ ਹੁੰਦੀਆਂ ਸਨ ਇਕ-ਇਕ ਗੋਲੀ ਕਰਕੇ ਟਾਈਪ ਹੁੰਦੀਆਂ ਸਨ।

ਇਕ ਸੰਪੂਰਨ ਮਨੁੱਖ ਬਣਾਉਣ ਬਾਬਤ ਗੁਰੂ ਸਾਹਿਬਾਂ ਨੇ ਮਨੁੱਖੀ ਸਿਹਤ ਨੂੰ ਯੋਗ ਸਥਾਨ ਦਿੱਤਾ ਹੈ। ਉਹਨਾਂ ਨਾ ਕੇਵਲ ਖੇਡਾਂ ਪ੍ਰਤੀ ਸੰਗਤ ਨੂੰ ਉਤਸ਼ਾਹਿਤ ਹੀ ਕੀਤਾ ਸਗੋਂ ਉਹ ਆਪ ਵੀ ਇਹਨਾਂ ਵਿਚ ਭਾਗ ਲਿਆ ਕਰਦੇ ਸਨ। ਆਮ ਜਨਤਾ ਵਿਚ ਖੇਡਾਂ ਨੂੰ ਪ੍ਰਚਲਿਤ ਕਰਨ ਲਈ ਉਹਨਾਂ ਖੇਡ ਭਵਨ ਸਥਾਪਤ ਕੀਤੇ। 'ਸਰਬੱਤ ਦਾ ਭਲਾ' ਬਾਬਤ ਇਹ ਬੁਨਿਆਦੀ ਕਦਮ ਸਨ। ਯੂਰਪੀ ਦੇਸ਼ਾਂ ਵਿਚ ਇਹ ਕਹਾਵਤ ਹੈ ਕਿ ਜੇ ਤੁਸੀਂ ਖੇਡ ਭਾਵਨਾ ਨਾਲ ਖੇਡੋਗੇ ਤਾਂ ਹਸਪਤਾਲਾਂ ਤੋਂ ਛੁਟਕਾਰਾ ਆਪੇ ਮਿਲ ਜਾਵੇਗਾ। ਸਾਡੇ ਵਿਚਾਰ ਅਨੁਸਾਰ ਨਰੋਏ ਸਮਾਜ ਦੀ ਉਸਾਰੀ ਲਈ, ਨਸ਼ਾ ਰਹਿਤ ਸਮਾਜ ਉਸਾਰਨ ਲਈ ਅਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਗੁਰਦੁਆਰੇ, ਹਸਪਤਾਲ ਅਤੇ ਵਿੱਦਿਅਕ ਅਦਾਰਿਆਂ ਦੇ ਨਾਲ-ਨਾਲ ਖੇਡ ਭਵਨ/ ਸਟੇਡੀਅਮ ਵੀ ਉਸਾਰਨੇ ਅਤਿ ਲਾਹੇਵੰਦ ਕਦਮ ਹੋਵੇਗਾ।

ਹਰਕੇਸ਼ ਸਿੰਘ ਕਹਿਲ

# ਹਲਟ



ਖੂਹ ਵਿਚੋਂ ਟਿੰਡਾਂ ਰਾਹੀਂ ਜਿਸ ਮਸ਼ੀਨਰੀ ਨਾਲ ਪਾਣੀ ਕੱਢਿਆ ਜਾਂਦਾ ਸੀ, ਉਸ ਨੂੰ ਹਲਟ ਕਿਹਾ ਜਾਂਦਾ ਸੀ। ਅੱਜ ਮਾਲਵੇ ਦੇ ਕਿਸੇ ਵੀ ਪਿੰਡ ਵਿਚ ਤੁਹਾਨੂੰ ਹਲਟ ਨਹੀਂ ਮਿਲੇਗਾ। ਦੁਆਬੇ ਅਤੇ ਮਾਝੇ ਦੇ ਪਿੰਡ ਜਿਹੜੇ ਦਰਿਆਵਾਂ ਦੇ ਨੇੜੇ ਹਨ, ਉਥੇ ਕਿਸੇ ਨਾ ਕਿਸੇ ਪਿੰਡ ਵਿਚ ਅੱਜ ਵੀ ਤੁਹਾਨੂੰ ਹਲਟ ਚਲਦਾ ਮਿਲ ਜਾਵੇਗਾ। ਕੋਈ ਸਮਾਂ ਸੀ ਜਦ ਪੰਜਾਬ ਦੀ ਬਾਰੀ ਖੇਤੀ ਬਾਰਸ਼ਾਂ ਤੇ ਨਿਰਭਰ ਹੁੰਦੀ ਸੀ। ਫੇਰ ਖੂਹ ਲੱਗਣ ਤੇ ਹਲਟਾਂ ਦੀ ਸਿੰਜਾਈ ਤੇ ਖੇਤੀ ਦੀ ਕਾਫ਼ੀ ਨਿਰਭਰਤਾ ਹੋ ਗਈ। ਘਰ ਵਰਤੋਂ ਲਈ ਪਾਣੀ ਵੀ ਖੂਹਾਂ ਤੋਂ ਭਰਿਆ ਜਾਂਦਾ ਸੀ। ਖੂਹ ਮਿੱਤਰਾਂ ਦੇ ਮਿਲਣ ਸਥਾਨ ਵੀ ਬਣਦੇ ਰਹੇ ਹਨ–

**ਮਿੱਤਰਾਂ ਦਾ ਖੂਹ ਚਲਦਾ,**
**ਪਾਣੀ ਭਰਨ ਦੇ ਬਹਾਨੇ ਆਵਾਂ।**

ਕਈ ਵੇਰ ਇਹ ਹਲਟ "ਟੂ ਇਨ ਵਨ" ਦਾ ਕੰਮ ਵੀ ਦਿੰਦੇ ਸਨ। ਘਰ ਦੀ ਸੁਆਣੀ ਨਾਲੇ ਤਾਂ ਪਾਣੀ ਭਰ ਕੇ ਲੈ ਆਉਂਦੀ ਸੀ, ਨਾਲੇ ਘਰ ਵਾਲੇ ਨੂੰ ਸੁਨੇਹਾ ਦੇ ਆਉਂਦੀ ਸੀ –

**ਖੂਹ ਉਤੇ ਆ ਮਾਹੀਆ,**
**ਨਾਲੇ ਸਾਡੀ ਗੱਲ ਸੁਣ ਜਾ,**
**ਨਾਲੇ ਘੜਾ ਦੇ ਚੁਕਾ ਮਾਹੀਆ।**

ਅੱਜ ਦੀ ਪੀੜ੍ਹੀ ਨੂੰ ਹਲਟ ਕਿਹੋ ਜਿਹੇ ਹੁੰਦੇ ਸਨ, ਕੋਈ ਪਤਾ ਨਹੀਂ? ਆਓ, ਹੁਣ ਮੈਂ ਤੁਹਾਨੂੰ ਹਲਟ ਦੀ ਬਣਤਰ ਬਾਰੇ ਦੱਸਦਾ ਹਾਂ।

ਇਕ ਬੜਾ ਚੱਕਲਾ ਹੁੰਦਾ ਸੀ। ਏਸ ਚੱਕਲੇ ਦੇ ਦੋ ਪਾਸੇ ਸੀਮਿੰਟ ਦੀ ਉਸਾਰੀ ਨਾਲ ਦੋ ਛੋਟੇ ਜਿਹੇ ਥੰਮ੍ਹ ਬਣੇ ਹੁੰਦੇ ਸਨ, ਜਿਨ੍ਹਾਂ ਨੂੰ ਗੁੱਡੇ/ਮੁੰਨੇ ਕਹਿੰਦੇ ਸਨ। ਏਸ ਥੰਮ੍ਹਾਂ ਉਪਰ ਗਾਡਰ ਪਾਇਆ ਹੁੰਦਾ ਸੀ, ਜਿਸ ਨੂੰ ਧੱਕੜ ਕਹਿੰਦੇ ਸਨ। ਪਹਿਲਾਂ ਮੁੰਨੇ ਵੀ ਲੱਕੜ ਦੇ ਹੁੰਦੇ ਸਨ ਤੇ ਧੱਕੜ ਵੀ ਲੱਕੜ ਦੀ ਹੁੰਦੀ ਸੀ। ਏਸ ਧੱਕੜ ਦੇ ਵਿਚਾਲੇ ਬੜੀ ਸਾਰੀ ਮੋਰੀ ਹੁੰਦੀ ਸੀ, ਜਿਸ ਮੋਰੀ ਵਿਚੋਂ ਦੀ ਲੋਹੇ ਦੀ ਲੱਠ ਪਾ ਕੇ ਚੱਕਲੇ ਵਿਚ ਦੀ ਹੁੰਦੀ ਹੋਈ ਹੇਠਾਂ ਧਰਤੀ ਵਿਚ ਗੱਡੀ ਲੱਕੜ ਤੇ ਫਿੱਟ ਹੁੰਦੀ ਸੀ। ਏਸ ਲੱਠ ਦੇ ਉਪਰਲੇ ਹਿੱਸੇ ਵਿਚ ਲੱਕੜ ਦੀ ਗਰਦਲ/ਗਰਧਨ ਪਾਈ ਹੁੰਦੀ ਸੀ। ਜਿੱਥੇ ਗਰਦਲ ਪਾਈ ਹੁੰਦੀ ਸੀ, ਉਸ ਦੇ ਹੇਠਲੇ ਤੇ ਉਪਰਲੇ ਹਿੱਸੇ ਤੇ ਮੋਟੀ ਚੱਦਰ ਲਾਈ ਹੁੰਦੀ ਸੀ, ਜਿਸ ਨੂੰ ਤਾਲੂਏ ਕਹਿੰਦੇ ਸਨ। ਏਸ ਨਾਲ ਗਰਦਲ ਦੀ ਮਜ਼ਬੂਤੀ ਬਣਦੀ ਸੀ।

ਵੱਡੇ ਚੱਕਲੇ ਨਾਲ ਇਕ ਛੋਟੀ ਚੱਕਲੀ ਹੁੰਦੀ ਸੀ। ਇਹ ਚੱਕਲੀ ਧਰਤੀ ਦੀ ਪੱਧਰ ਤੋਂ ਅੱਧੀ ਹੇਠਾਂ ਅੱਧੀ ਉਪਰ ਫਿੱਟ ਹੁੰਦੀ ਸੀ। ਛੋਟੀ ਚੱਕਲੀ ਵਿਚ ਇਕ ਬੜੀ ਲੋਹੇ ਦੀ ਲੱਠ ਪਾਈ ਹੁੰਦੀ ਸੀ। ਇਹ ਲੱਠ ਧਰਤੀ ਦੀ ਪੱਧਰ ਤੇ ਪਾਈ ਹੁੰਦੀ ਸੀ। ਜੇਕਰ ਇਹ ਲੱਠ ਵਿੰਗੀ ਹੋ ਜਾਂਦੀ ਸੀ ਤਾਂ ਖੂਹ ਵਿਚੋਂ ਪਾਣੀ ਕੱਢਣ ਲਈ ਕੁਝ ਮੁਸ਼ਕਲ ਆਉਂਦੀ ਸੀ। ਏਸ ਤਰ੍ਹਾਂ ਹੀ ਰਾਹ ਦੇ ਖੇਤ ਵਿਚ ਬੀਜੀ ਫ਼ਸਲ ਵੀ ਉਜਾੜੇ ਦਾ ਕਾਰਨ ਬਣਦੀ ਸੀ। ਉਸ ਸਮੇਂ ਦੇ ਸਿਆਣੇ ਕਹਿੰਦੇ ਹੁੰਦੇ ਸਨ –

**ਰਾਹ ਉਤੇ ਖੇਤੀ, ਖੂਹ ਦੀ ਵਿੰਗੀ ਲੱਠ,**
**ਰੰਨ ਤੰਬਾਖੂ ਛਿਕਣੀ, ਤਿੰਨੇ ਚੌੜ ਚਪੱਟ।**

**ਹਲ ਧੜਕਣੀ, ਰੰਨ ਖੜ੍ਹਕਣੀ**
**ਖੂਹ ਦੀ ਵਿੰਗੀ ਲੱਠ**
**ਵਿਚ ਚੌਰਸਤੇ ਖੇਤੀ,**
**ਚਾਰੇ ਚੌੜ ਚੁਪੱਟ।**

ਏਸ ਲੱਠ ਦਾ ਦੂਸਰਾ ਸਿਰਾ ਖੂਹ ਵਿਚ ਜੋ ਬੈੜ ਪਾਇਆ ਹੁੰਦਾ ਸੀ, ਉਸ ਵਿਚੋਂ ਦੀ ਲੰਘ ਕੇ ਖੂਹ ਵਿਚ ਲੱਗੇ ਗਾਡਰ ਤੇ ਫਿੱਟ ਕੀਤਾ ਹੁੰਦਾ ਸੀ। ਖੂਹ ਦੀ ਮੌਣ ਉਤੇ ਆਰ ਪਾਰ ਰੱਖੇ ਏਸ ਗਾਡਰ ਨੂੰ ਝੱਲਣ ਕਹਿੰਦੇ ਸਨ। ਬੈੜ ਛੇ ਕੇ ਫੁੱਟ ਗੋਲ ਆਕਾਰ ਦਾ ਲੋਹੇ ਦੀ ਇੰਗਲੈਰਨ ਦਾ ਬਣਿਆ ਹੁੰਦਾ ਸੀ, ਜਿਸ ਵਿਚ ਲੋਹੇ ਦੇ ਡੰਡੇ ਲੱਗੇ ਹੁੰਦੇ ਸਨ, ਜਿਨ੍ਹਾਂ ਨੂੰ ਗਜ਼ ਕਹਿੰਦੇ ਸਨ। ਬੈੜ ਵਿਚ ਥੋੜ੍ਹੇ-ਥੋੜ੍ਹੇ ਫ਼ਾਸਲੇ ਤੇ ਕਿੱਲੀਆਂ ਲੱਗੀਆਂ ਹੁੰਦੀਆਂ ਸਨ ਤੇ ਇਨ੍ਹਾਂ ਕਿੱਲੀਆਂ ਵਿਚ ਕੰਘੀਆਂ ਲੱਗੀਆਂ ਹੁੰਦੀਆਂ ਸਨ। ਇਨ੍ਹਾਂ ਕੰਘੀਆਂ ਵਿਚ ਹੀ ਖੂਹ ਵਿਚੋਂ ਪਾਣੀ ਨਾਲ ਭਰੀਆਂ ਟਿੰਡਾਂ ਆ ਕੇ ਚੜ੍ਹਦੀਆਂ ਹੁੰਦੀਆਂ ਸਨ। ਬੜੇ ਚੱਕਲੇ ਅਤੇ ਛੋਟੇ ਚੱਕਲੇ ਵਿਚ ਲੱਗੇ ਲੋਹੇ ਦੇ ਗੁੱਲਿਆਂ ਨੂੰ ਬੂੜੀਏ ਕਹਿੰਦੇ ਸਨ। ਛੋਟੇ ਚੱਕ ਦੇ ਨੇੜੇ ਲੋਹੇ ਦਾ ਕੁੱਤਾ ਲੱਗਿਆ ਹੁੰਦਾ ਸੀ। ਕੁੱਤਾ

ਇਕ ਕਿਸਮ ਦਾ ਬਰੇਕ ਹੁੰਦਾ ਸੀ। ਜਦ ਚਲਦਾ ਹਲਟ ਘੜਾਇਆ ਜਾਂਦਾ ਸੀ ਤਾਂ ਇਹ ਕੁੱਤਾ ਬਰੇਕ ਦੀ ਤਰ੍ਹਾਂ ਲੱਗ ਜਾਂਦਾ ਸੀ। ਕੁੱਤੇ ਦੇ ਲੱਗਣ ਨਾਲ ਪਾਣੀ ਦੀਆਂ ਭਰੀਆਂ ਹੋਈਆਂ ਟਿੰਡਾਂ ਪਿੱਛੇ ਖੂਹ ਵਿਚ ਨਹੀਂ ਮੁੜਦੀਆਂ ਸਨ। ਕੁੱਤੇ ਦੀ ਟੱਕ ਟੱਕ ਦੀ ਆਵਾਜ਼ ਹੁੰਦੀ ਸੀ। ਇਸ ਆਵਾਜ਼ ਤੋਂ ਹੀ ਖੂਹ ਚਲਦੇ ਹੋਣ ਬਾਰੇ ਪਤਾ ਲੱਗਦਾ ਹੁੰਦਾ ਸੀ।

ਹਲਟ ਨੂੰ ਚਲਾਉਣ ਲਈ ਗਰਦਲ/ਗਰਧਨ ਨਾਲ ਬਲਦਾਂ ਦੀ ਜੋੜੀ ਜਾਂ ਊਠ ਜੋੜਿਆ ਜਾਂਦਾ ਸੀ। ਗਰਦਲ ਨੂੰ ਗਾਧੀ ਵੀ ਕਹਿੰਦੇ ਸਨ। ਕਈ ਗਰਦਲਾਂ ਦੇ ਅਖ਼ੀਰ ਤੇ ਦੁਸਾਂਗ ਹੁੰਦਾ ਸੀ, ਜਿਸ ਨੂੰ ਸਣ ਦੀ ਰੱਸੀ ਨਾਲ ਬੁਣਿਆ ਹੁੰਦਾ ਸੀ। ਇਸ ਨੂੰ ਹੰਬੜ ਕਹਿੰਦੇ ਸਨ। ਹੰਬੜ ਉਪਰ ਬੈਠ ਕੇ ਵੀ ਬਲਦਾਂ ਦੀ ਜੋੜੀ ਨੂੰ ਹੱਕਿਆ ਜਾਂਦਾ ਸੀ। ਬਲਦਾਂ ਦੀ ਜੋੜੀ ਤੇ ਪੰਜਾਲੀ ਪਾਈ ਹੁੰਦੀ ਸੀ। ਅੰਦਰਲੇ ਬਲਦ ਦਾ ਰੱਸਾ ਗਰਦਲ ਨਾਲ ਏਸ ਹਿਸਾਬ ਨਾਲ ਬੰਨ੍ਹਿਆ ਜਾਂਦਾ ਸੀ ਕਿ ਬਲਦਾਂ ਦੀ ਜੋੜੀ ਖੂਹ ਦੀ ਪੈੜ ਦੇ ਵਿਚ ਵਿਚ ਰਹਿ ਕੇ ਚੱਲੇ। ਗਰਦਲ ਦਾ ਬਾਹਰਲਾ ਹਿੱਸਾ ਜਿਸ ਧਰਤੀ ਤੋਂ ਦੀ ਹੋ ਕੇ ਘੁੰਮਣਾ ਹੁੰਦਾ ਸੀ, ਉਸ ਨੂੰ ਪੈੜ ਕਹਿੰਦੇ ਸਨ। ਏਸ ਤਰ੍ਹਾਂ ਹੀ ਊਠ ਦੇ ਗਲ਼ ਨਾਲ ਢਾਂਗੇ ਦਾ ਹਿਕ ਸਿਰਾ ਬੰਨ੍ਹ ਕੇ ਢਾਂਗੇ ਦਾ ਦੂਸਰਾ ਸਿਰਾ ਗਰਦਲ ਨਾਲ ਬੰਨ੍ਹਿਆ ਜਾਂਦਾ ਸੀ ਤਾਂ ਜੋ ਊਠ ਪੈੜ ਦੇ ਵਿਚ ਰਹਿ ਕੇ ਹੀ ਚੱਲੇ।

ਪੈੜਾਂ ਕਈ ਹੋਰ ਕਿਸਮਾਂ ਦੀਆਂ ਵੀ ਹੁੰਦੀਆਂ ਸਨ। ਪਹਿਲੇ ਸਮਿਆਂ ਵਿਚ ਸਫ਼ਰ ਪੈਦਲ ਕੀਤਾ ਜਾਂਦਾ ਸੀ। ਜੇਕਰ ਰਾਹ ਰੇਤੇ ਵਾਲਾ ਹੁੰਦਾ ਸੀ ਤਾਂ ਤੁਰਦੇ ਹੋਏ ਰਾਹੀ ਦੇ ਪੈਰਾਂ ਦੀਆਂ ਪੈੜਾਂ ਦੇ ਨਿਸ਼ਾਨ ਰੇਤੇ ਉਪਰ ਰਹਿੰਦੇ ਜਾਂਦੇ ਸਨ। ਜੇਕਰ ਉਹ ਪੈੜ ਕਿਸੇ ਮਾਸ਼ੂਕ ਦੀ ਹੁੰਦੀ ਸੀ ਤਾਂ ਉਸ ਦਾ ਆਸ਼ਕ ਉਸ ਦੀ ਪੈੜ ਦੇ ਰੇਤੇ ਨੂੰ ਚੁੱਕ ਕੇ ਆਪਣੇ ਮਾਸ਼ੂਕ ਦੇ ਮਿਲਣ ਦਾ ਸੁਪਨਾ ਸਿਰਜ ਲੈਂਦਾ ਸੀ –

**ਤੇਰੀ ਸੱਜਰੀ ਪੈੜ ਦਾ ਰੇਤਾ,**
**ਚੁੱਕ ਚੁੱਕ ਲਾਵਾਂ ਹਿੱਕ ਨੂੰ।**

ਪੈੜ ਦੇ ਨਿਸ਼ਾਨਾਂ ਦੀ ਪਛਾਣ ਨੂੰ ਮੁੱਖ ਰੱਖਦੀ ਹੋਈ ਗੋਰੀ ਆਪਣੇ ਗੁਆਚੇ ਹੋਏ ਲੌਂਗ ਦੀ ਭਾਲ ਕਰਨ ਲਈ ਆਪਣੇ ਮਾਹੀ ਨੂੰ ਤਾਕੀਦ ਵੀ ਕਰਦੀ ਹੁੰਦੀ ਸੀ –

**ਪਿਛੇ ਪਿਛੇ ਆਉਂਦਾ,**
**ਮੇਰੀ ਪੈੜ ਵਹਿੰਦਾ ਆਈਂ।**
**ਚੀਰੇ ਵਾਲਿਆ ਦੇਖਦਾ ਆਈਂ ਵੇ,**
**ਮੇਰਾ ਲੌਂਗ ਗੁਆਚਾ**
**ਨਿਗ੍ਹਾ ਮਾਰਦਾ ਆਈਂ ਵੇ,**
**ਮੇਰਾ ਲੌਂਗ ਗਵਾਚਾ।**

ਪਿਛਲੇ ਸਮਿਆਂ ਵਿਚ ਚੋਰਾਂ ਨੂੰ ਪੈਰਾਂ ਦੀਆਂ ਪੈੜਾਂ ਦੇ ਨਿਸ਼ਾਨ ਤੋਂ ਹੀ ਫੜਿਆ ਜਾਂਦਾ ਸੀ, ਜਿਸਨੂੰ ਚੋਰ ਦੀ ਪੈੜ ਦੱਬਣਾ ਕਹਿੰਦੇ ਸਨ।

ਘਰ ਬਣਾਉਣ ਲਈ ਵੀ ਪੈੜਾਂ ਦਾ ਸਹਾਰਾ ਲਿਆ ਜਾਂਦਾ ਸੀ। ਇਹ ਪੈੜਾਂ ਲੱਕੜਾਂ ਨੂੰ ਇਕ ਦੂਜੀ ਨਾਲ ਬੰਨ੍ਹ ਕੇ ਬਣਾਈਆਂ ਜਾਂਦੀਆਂ ਸਨ/ਹਨ। ਇਨ੍ਹਾਂ ਪੈੜਾਂ ਦੇ ਸਹਾਰੇ ਹੀ ਕਈ ਕਈ ਮੰਜ਼ਲਾਂ ਦੀ ਉਸਾਰੀ ਕੀਤੀ ਜਾਂਦੀ ਸੀ/ਹੈ। ਹੁਣ ਤਾਂ ਲੱਕੜ ਦੀ ਥਾਂ ਲੋਹੇ ਦੀਆਂ ਪਾਈਪਾਂ ਦੀਆਂ ਪੈੜਾਂ ਬਣਾਈਆਂਜ ਾਂਦੀਆਂਹ ਨ।ਇ ਨ੍ਹਾਂਪ ੈੜਾਂਨ ਾਲਅ ਸਮਾਨਛ ੂਹਦੀਆਂ ਬਿਲਡਿੰਗਾਂ ਬਣਾਈਆਂ ਜਾਂਦੀਆਂ ਹਨ।

ਮਿੱਠੀ ਚੀਜ਼ ਚਾਹੇ ਉਹ ਗੁੜ ਹੋਵੇ, ਚਾਹੇ ਉਹ ਮਠਿਆਈ ਹੋਵੇ, ਚਾਹੇ ਉਹ ਲੱਡੂ ਹੋਣ, ਕਿਤੇ ਵੀ ਪਈ ਹੋਵੇ, ਮੱਖੀਆਂ ਉਸ ਤੱਕ ਪਹੁੰਚ ਜਾਂਦੀਆਂ ਹਨ। ਏਸੇ ਤਰ੍ਹਾਂ ਚੁਬਾਰੇ ਵਿਚ ਚੋਰੀਓਂ ਲੱਡੂ ਖਾ ਕੇ ਆਈ ਇਕ ਮੁਟਿਆਰ ਦੀ ਚੋਰੀ ਦੀ ਪੈੜ ਨੂੰ ਮੱਖੀਆਂ ਵੱਲੋਂ ਫੜਨ ਸੰਬੰਧੀ ਗੀਤ ਹੈ –

**ਲੱਡੂ ਖਾ ਕੇ ਚੁਬਾਰਿਓਂ ਉਤਰੀ,**
**ਮੱਖੀਆਂ ਨੇ ਪੈੜ ਕੱਢ ਲਈ।**

ਮੈਂ ਕਈ ਪੈੜਾਂ ਬਾਰੇ ਦੱਸਿਆ ਹੈ। ਪੈੜਾਂ ਦੀਆਂ ਹੋਰ ਵੀ ਕਈ ਕਿਸਮਾਂ ਹਨ। ਪੈੜਾਂ ਬਾਰੇ ਕਈ ਅਖਾਣ ਅਤੇ ਮੁਹਾਵਰੇ ਵੀ ਹਨ। ਪੈੜਾਂ ਦਾ ਹੋਰ ਵਿਸਥਾਰ ਨਾ ਦਿੰਦਾ ਹੋਇਆ ਮੈਂ ਮੁੜ ਹਲਟ ਦੇ ਲੇਖ ਵੱਲ ਆਉਂਦਾ ਹਾਂ।

ਹਲਟ ਨੂੰ ਚਲਾਉਣ ਲਈ ਗਰਧਨ ਨਾਲ ਬਲਦਾਂ ਦੀ ਜੋੜੀ ਜਾਂ ਊਠ ਜੋੜਿਆ ਜਾਂਦਾ ਸੀ। ਗਰਧਨ/ਗਰਦਲ ਬੜੇ ਚੱਕਲੇ ਤੇ ਛੋਟੀ ਚੱਕਲੀ ਨੂੰ ਘੁੰਮਾਉਂਦੀ ਸੀ। ਛੋਟੀ ਚੱਕਲੀ ਵਿਚ ਜਿਹੜੀ ਲੋਹੇ ਦੀ ਲੱਠ ਪਾਈ ਹੁੰਦੀ ਸੀ, ਉਹ ਖੂਹ ਵਿਚ ਲੱਗੇ ਬੈੜ ਨੂੰ ਚਲਾਉਂਦੀ ਸੀ। ਬੈੜ ਚੱਲਣ ਨਲ ਜਿਹੜੀ ਟਿੰਡਾਂ ਦੀ ਮਾਲ੍ਹ ਬਣੀ ਹੁੰਦੀ ਸੀ, ਉਹ ਚਲਦੀ ਸੀ। ਇਕ ਦੂਜੀ ਟਿੰਡ ਨੂੰ ਆਪਸ ਵਿਚ ਜੋੜਨ ਨਾਲ ਜਿਹੜੀ ਟਿੰਡਾਂ ਦੀ ਲੜੀ ਬਣ ਜਾਂਦੀ ਸੀ, ਉਸ ਨੂੰ ਮਾਲ੍ਹ ਕਹਿੰਦੇ ਸਨ। ਮਾਲ੍ਹ ਚੱਲਣ ਨਾਲ ਇਕ ਪਾਸੇ ਤੋਂ ਪਾਣੀ ਨਾਲ ਭਰੀਆਂ ਟਿੰਡਾਂ ਆਉਂਦੀਆਂ ਸਨ। ਭਰੀਆਂ ਹੋਈਆਂ ਟਿੰਡਾਂ ਦਾ ਪਾਣੀ ਪਾੜਸਾ ਵਿਚ ਪੈਂਦਾ ਸੀ। ਪਾੜਸੇ ਵਿਚੋਂ ਜਿੱਥੋਂ ਦੀ ਪਾਣੀ ਹੋ ਕੇ ਔਲੂ ਵਿਚ ਜਾਂਦਾ ਸੀ, ਪਾੜਸੇ ਦਾ ਉਹ ਹਿੱਸਾ ਪਰਨਾਲੇ ਦੀ ਸ਼ਕਲ ਦਾ ਹੁੰਦਾ ਸੀ। ਉਸ ਹਿੱਸੇ ਨੂੰ ਪਰਨਾਲਾ ਹੀ ਕਹਿੰਦੇ ਸਨ। ਕਈ ਇਲਾਕਿਆਂ ਵਿਚ ਇਸ ਨੂੰ ਨਸਾਰ ਕਹਿੰਦੇ ਸਨ। ਭਰੀਆਂ ਹੋਈਆਂ ਟਿੰਡਾਂ ਖ਼ਾਲੀ ਹੋ ਕੇ ਬੈੜ ਦੇ ਦੂਸਰੇ ਪਾਸੇ ਦੀ ਹੋ ਕੇ ਖੂਹ ਵਿਚ ਦੁਬਾਰਾ ਭਰਨ ਲਈ ਚਲੀਆਂ ਜਾਂਦੀਆਂ ਸਨ। ਏਸ ਤਰ੍ਹਾਂ ਖੂਹ ਵਿਚੋਂ ਪਾਣੀ ਮਾਲ੍ਹ ਰਾਹੀਂ ਨਿਕਲਦਾ ਰਹਿੰਦਾ ਸੀ। ਔਲੂ ਵਿਚੋਂ ਪਾਣੀ ਖ਼ਾਲ ਵਿਚ ਚਲਿਆ ਜਾਂਦਾ ਸੀ। ਖ਼ਾਲ ਤੋਂ ਪਾਣੀ ਫਿਰ ਖੇਤਾਂ ਨੂੰ ਲਾਇਆ ਜਾਂਦਾ ਸੀ।

ਇਹ ਸੀ ਹਲਟ ਦੀ ਬਣਤਰ। ਲਓ, ਜਾਂਦੇ ਜਾਂਦੇ ਹਲਟ ਸੰਬੰਧੀ ਇਹ ਲੋਕ ਗੀਤ ਵੀ ਸੁਣਦੇ ਜਾਓ –

**ਕੱਨੇ ਨੂੰ ਕੱਨਾ ਸਾਹਮਣਾ, ਕਾਂਜਣ ਸਿੱਧੀ ਸ਼ਤੀਰ**
**ਕਾਂਜਣ ਵਿਚਲਾ ਮੱਕੜਾ, ਮੱਕੜੇ ਵਿਚਲਾ ਤੀਰ**
**ਲੱਠ ਘੁੰਮੇਟੇ ਖਾਉਂਦੀ, ਜਿਉਂ ਸਈਆਂ ਵਿਚ ਹੀਰ**
**ਬੂੜੀਏ ਨੂੰ ਬੂੜੀਆਂ ਮਿਲੇ, ਜਿਉਂ ਭੈਣਾਂ ਨੂੰ ਵੀਰ।**
**ਕੁੱਤਾ ਟਿਕ ਟਿਕ ਕਰ ਰਿਹਾ, ਮੰਦੀ ਲਿਖੀ ਤਕਦੀਰ।**
**ਬਲਦਾ ਗਲੀਂ ਪੰਜਾਲੀਆਂ, ਜਿਉਂ ਸ਼ੇਰਾਂ ਗਲੀਂ ਜੰਜੀਰ**
**ਟਿੰਡਾਂ ਦੇ ਗਲ਼ ਗਾਨੀਆਂ, ਲਿਆਣ ਪਤਾਲੋਂ ਨੀਰ।**
**ਚੁੱਲ੍ਹੇ 'ਚ ਪਾਣੀ ਇਉਂ ਤੁਰੇ, ਜਿਉਂ ਸੱਪ ਤੁਰੇ ਦਿਲਗੀਰ।**
**ਨੱਕਿਆਂ ਨੇ ਪਾਣੀ ਵੰਡਿਆ, ਜਿਉਂ ਭਾਈਆਂ ਵੰਡੀ ਜਗੀਰ।**
**ਨਾਕੀ ਵਿਚਾਰਾ ਇਉਂ ਫਿਰੇ, ਜਿਉਂ ਦਰ ਦਰ ਫਿਰੇ ਫਕੀਰ।**
**ਗਾਧੀ ਤਖ਼ਤ ਲਾਹੌਰ ਦਾ, ਜਿੱਥੇ ਆ ਆ ਬਹਿਣ ਅਮੀਰ।**

# QUESTIONNAIRE OF SIKH RELIGION

**Q187. What Banies are recited of Nitname?**

**Ans.** (a) Japu (i) Paapu (ii) Ten Sawyyas (beginning) "Sarawag Sudh" and Ardas in the morning, (b) Sodar Rehras (b) Benti Choupai of the tenth Guru & Ardas at Sun Set. (c) Sohila at night before going to bed.

**Q188. Which of the Banies of Nitname are from Guru Granth Sahib?**

**Ans.** Japu, Rehras (Sodar & So Purakh) and Sohila.

**Q189. Which of the Banies of Nitname are from Dasam Granth?**

**Ans.** Jaapu Sahib, Sawayyas and Benti Choupai Sahib.

**Q190. Which part of Granth Sahib is composed in Raags?**

**Ans.** Pages 8 to 1353.

**Q191. How many times in all Mool Mantar is repeated in Guru Granth Sahib?**

**Ans.** 566 times.

**Q192. In how many Compartments Japu Ji is enumerated in Guru Granth Sahib?**

**Ans.** Five i.e. Dharam, Karam, Gyan, Saram and Sach.

**Q193. Which Guru Parvar Mata find a place in Granth Sahib?**

**Ans.** Mata Kheevi Ji (Wife of Guru Angad Dev Ji).

**Q194. How many Vars are there in the Granth Sahib?**

**Ans.** 22 VArs.

**Q195. How many Saloks are in Sukhmani Sahib?**

**Ans.** 24 Saloks.

**Q196. Which is the smallest Var in Granth Sahib?**

**Ans.** Basant Di Var.

**Q197. Which is the Var composed by Sata and Balwanda and how many hymns?**

**Ans.** Ram Kali Di Var with 8 hymns.

**Q198. With whom Guru Nanak had Sidh Ghost?**

**Ans.** With the Sidhas.

**Q199. How many pauris and Saloks are there in Asa Di Var.**

**Ans.** 24 Pauris and 59 Saloks.

**Q200. When Asa Di Var is recited.**

**Ans.** Before Sun Rise.

**Q201. Who stabbed Guru Gobind Singh Ji?**

**Ans.** A pathan sent by Wazir Khan.

**Q202. When Granth Sahib was given Gurta Gaddi?**

**Ans.** In 1708 A.D.

**Q203. Who proclaimed Gurta Gaddi for Granth Sahib?**

**Ans.** Guru Gobind Singh Ji.

**Q204. Where Gurta Gaddi was proclaimed for Granth Sahib?**

**Ans.** Abchal Nagar Hazur Sahib (Maharastra).

**Q205. Who was the head of village Talwandi where Guru Nanak took birth?**

**Ans.** Rai Bular of the Bhatti Tribe.

**Q206. Who gave education to Guru Nanak?**

**Ans.** Moulvie named Syad Hassan.

**Q207. What is the name of the tree, where Guru Nanak concealed himself after Sacha Souda?**

**Ans.** Mal Sahib.

**Q208. Where Mardana faithful colleague of Guru Nanak died?**

**Ans.** In Kartarpur (Pakistan).

**Q209. Where Mardana was cremated?**

**Ans. On the bank of River Ravi.**



# ਕਾਵਿ-ਕਿਆਰੀ



### ਰੱਬ/ਮੋਹਨ ਸਿੰਘ

ਰੱਬ ਇਕ ਗੁੰਝਲਦਾਰ ਬੁਝਾਰਤ
ਰੱਬ ਇਕ ਗੋਰਖ-ਧੰਦਾ।
ਖੋਲ੍ਹਣ ਲਗਿਆਂ ਪੇਚ ਏਸ ਦੇ
ਕਾਫ਼ਰ ਹੋ ਜਾਏ ਬੰਦਾ।
ਕਾਫ਼ਰ ਹੋਣੋਂ ਡਰ ਕੇ ਜੀਵੇਂ
ਖੋਜੋਂ ਮੂਲ ਨਾ ਖੁੰਝੀਂ
ਲਾਈਲੱਗ ਮੋਮਨ ਦੇ ਕੋਲੋਂ
ਖੋਜੀ ਕਾਫ਼ਰ ਚੰਗਾ।

ਤੇਰੀ ਖੋਜ ਵਿਚ ਅਕਲ ਦੇ ਖੰਭ ਝੜ ਗਏ
ਤੇਰੀ ਭਾਲ ਵਿਚ ਥੋਥਾ ਖਿਆਲ ਹੋਇਆ।
ਲੱਖਾਂ ਉਂਗਲਾਂ ਗੁੰਝਲਾਂ ਖੋਲ੍ਹ ਥੱਕੀਆਂ,
ਤੇਰੀ ਜ਼ੁਲਫ਼ ਦਾ ਸਿੱਧਾ ਨਾ ਵਾਲ ਹੋਇਆ।
ਘਿੱਗੀ ਬੱਝ ਗਈ ਸੰਖਾਂ ਦੀ ਰੋ ਰੋ ਕੇ,
ਪਿੱਟ ਪਿੱਟ ਕੇ ਚੂਰ ਘੜਿਆਲ ਹੋਇਆ.
ਚੀਕ ਚੀਕ ਕੇ ਕਲਮ ਦੀ ਜੀਭ-ਪਾਟੀ,
ਅਜੇ ਹੱਲ ਨਾ ਤੇਰਾ ਸਵਾਲ ਹੋਇਆ।
ਤੇਰੀ ਸਿੱਕ ਕੋਈ ਸੱਜਰੀ ਸਿੱਕ ਨਾਹੀਂ,
ਇਹ ਚਰੋਕਣੀ ਗਲੇ ਦਾ ਹਾਰ ਹੋਈ।
ਇਹ ਉਦੋਕਣੀ ਜਦੋਂ ਦਾ ਬੁੱਤ ਬਣਿਆ,
ਨਾਲ ਦਿਲ ਦੀ ਮਿੱਟੀ ਤਿਆਰ ਹੋਈ।੧।

ਤੇਰੇ ਹਿਜਰ ਵਿਚ ਕਿਸੇ ਨੇ ਕੰਨ ਪਾੜੇ
ਅਤੇ ਕਿਸੇ ਨੇ ਜਟਾਂ ਵਧਾਈਆਂ ਨੇ।
ਬੂਹੇ ਮਾਰ ਕੇ ਕਿਸੇ ਨੇ ਚਿਲੇ ਕੱਟੇ
ਕਿਸੇ ਰੜੇ ਤੇ ਰਾਤਾਂ ਲੰਘਾਈਆਂ ਨੇ।
ਕੋਈ ਲਮਕਿਆ ਖੂਹ ਦੇ ਵਿਚ ਪੁੱਠਾ,
ਅਤੇ ਕਿਸੇ ਨੇ ਧੂਣੀਆਂ ਤਾਈਆਂ ਨੇ।
ਤੇਰੇ ਆਸ਼ਕਾਂ ਨੇ ਲੱਖਾਂ ਜਤਨ ਕੀਤੇ,
ਪਰ ਤੂੰ ਮੂੰਹ ਤੋਂ ਜ਼ੁਲਫਾਂ ਨਾ ਚਾਈਆਂ ਨੇ।
ਤੇਰੀ ਸਿੱਕ ਦੇ ਕਈ ਤਿਹਾਏ ਮਰ ਗਏ,
ਅਜੇ ਤੀਕ ਨਾ ਵਸਲ ਦਾ ਧੁਰਾ ਲੱਭਾ।
ਲੱਖਾਂ ਸੱਸੀਆਂ ਮਰ ਗਈਆਂ ਥਲਾਂ ਅੰਦਰ,
ਤੇਰੀ ਡਾਚੀ ਦਾ ਅਜੇ ਨਾ ਖੁਰਾ ਲੱਭਾ।੨।

ਕਿਸੇ ਫੁੱਲ-ਕੁਰਾਨ ਦਾ ਪਾਠ ਕੀਤਾ,
ਕਿਸੇ ਦਿਲ ਦਾ ਪੱਤਰਾ ਖੋਲ੍ਹਿਆ ਵੇ।
ਕਿਸੇ ਨੈਣਾਂ ਦੇ ਸਾਗਰ ਹੰਗਾਲ ਮਾਰੇ,
ਕਿਸੇ ਹਿੱਕ ਦਾ ਖੂੰਜਾ ਫਰੋਲਿਆ ਵੇ।
ਕਿਸੇ ਗੱਲ੍ਹਾਂ ਦੇ ਦੀਵੇ ਦੀ ਲੋ ਥੱਲੇ,
ਤੈਨੂੰ ਜ਼ੁਲਫਾਂ ਦੀ ਰਾਤ ਵਿਚ ਟੋਲਿਆ ਵੇ।
ਰੋ ਰੋ ਕੇ ਦੁਨੀਆਂ ਨੇ ਹਾਲ ਪਾਏ,
ਪਰ ਤੂੰ ਹੱਸ ਕੇ ਅਜੇ ਨਾ ਬੋਲਿਆ ਵੇ।
ਦੀਦੇ ਕੁਲੰਜ ਮਾਰੇ ਤੇਰੇ ਆਸ਼ਿਕਾਂ ਨੇ
ਅਜੇ ਅੱਥਰੂ ਤੈਨੂੰ ਨਾ ਪੋਹੇ ਕੋਈ।
ਤੇਰੀ ਸੌਂਹ, ਕੁਝ ਰੋਣ ਦਾ ਮਜ਼ਾ ਹੀ ਨਹੀਂ,
ਪੂੰਝਣ ਵਾਲਾ ਜੇ ਕੋਲ ਨਾ ਹੋਏ ਕੋਈ।੩।

ਤੇਰੀ ਮਾਂਗ ਦੀ ਸੜਕ ਤੇ ਪਿਆ ਜਿਹੜਾ,
ਉਸ ਨੂੰ ਹੀਲਿਆਂ ਨਾਲ ਪਰਤਾਇਆ ਤੂੰ।
ਹਿਰਸਾਂ, ਦੌਲਤਾਂ, ਹੁਸਨਾਂ, ਹਕੂਮਤਾਂ ਦਾ,
ਉਹਦੇ ਰਾਹ ਵਿਚ ਚੋਗਾ ਖਿੰਡਾਇਆ ਤੂੰ।
ਕਿਸੇ ਕੈਸ ਨੂੰ ਲੱਗਾ ਜੇ ਇਸ਼ਕ ਤੇਰਾ,
ਉਸ ਨੂੰ ਲੇਲੀ ਦਾ ਲੇਲਾ ਬਣਾਇਆ ਤੂੰ।
ਕਿਸੇ ਰਾਂਝੇ ਨੂੰ ਚੜ੍ਹਿਆ ਜੇ ਚਾ ਤੇਰਾ
ਉਸ ਨੂੰ ਹੀਰ ਦੀ ਸੇਜੇ ਸਵਾਇਆ ਤੂੰ।
ਸਾਡੇ ਹੰਝੂਆਂ ਕੀਤਾ ਨਾ ਨਰਮ ਤੈਨੂੰ
ਸਾਡੀ ਆਹ ਨੇ ਕੀਤਾ ਨਾ ਛੇਕ ਤੈਨੂੰ।
ਅਸੀਂ ਸੜ ਗਏ ਵਿਛੋੜੇ ਦੀ ਅੱਗ ਅੰਦਰ,
ਲਾਗੇ ਵਸਦਿਆਂ ਆਇਆ ਨਾ ਸੇਕ ਤੈਨੂੰ।੪।

ਕਿਸੇ ਛੰਨਾ ਬਣਾਇਆ ਜੇ ਖੋਪਰੀ ਦਾ,
ਤੂੰ ਬੁੱਲ੍ਹੀਆਂ ਨਾਲ ਛੁਹਾਈਆਂ ਨਾ।
ਕਿਸੇ ਦਿਲ ਦਾ ਰਾਂਗਲਾ ਪਲੰਘ ਡਾਹਿਆ,
ਤੇਰੇ ਨਾਜ਼ ਨੂੰ ਨੀਂਦਰਾਂ ਆਈਆਂ ਨਾ।
ਰਗੜ ਰਗੜ ਕੇ ਮੱਥੇ ਚਟਾਕ ਪੈ ਗਏ,
ਅਜੇ ਰਹਿਮਤਾਂ ਤੇਰੀਆਂ ਛਾਈਆਂ ਨਾ।
ਮਾਰ ਸੁੱਟਿਆ ਤੇਰਿਆ ਰੋਣਿਆਂ ਨੇ,
ਫੂਕ ਸੁੱਟਿਆ ਬੇਪਰਵਾਹੀ ਤੇਰੀ।
ਲੈ ਕੇ ਜਾਨ ਤੂੰ ਅਜੇ ਨਾ ਘੁੰਡ ਚਾਇਆ,
ਖ਼ਬਰੇ ਹੋਰ ਕੀ ਏ ਮੂੰਹ ਵਿਖਾਈ ਤੇਰੀ।੫।

ਜੇ ਤੂੰ ਮੂੰਹ ਤੋਂ ਜ਼ੁਲਫਾਂ ਹਟਾ ਦੇਵੇਂ,

ਬਿਟ ਬਿਟ ਤੱਕਦਾ ਕੁਲ ਸੰਸਾਰ ਰਹਿ ਜਾਏ।
ਰਹਿ ਜਾਏ ਭਾਈ ਦੇ ਹੱਥ ਵਿਚ ਸੰਖ ਫੜਿਆ,
ਬਾਂਗ ਮੁੱਲਾਂ ਦੇ ਸੰਘ ਵਿਚਕਾਰ ਰਹਿ ਜਾਏ।
ਪੰਡਤ ਹੁਰਾਂ ਦਾ ਫਹਿ ਜਾਏ ਸੰਧੂਰ ਘੁਲਿਆ,
ਜਾਮ ਸੂਫ਼ੀ ਦਾ ਹੋਇਆ ਤਿਆਰ ਰਹਿ ਜਾਏ।
ਕਲਮ ਢਹਿ ਪਏ ਹੱਥੋਂ ਫ਼ਿਲਾਸਫ਼ਰ ਦੀ,
ਮੁਨਕਿਰ ਤੱਕਦਾ ਤੇਰੀ ਨੁਹਾਰ ਰਹਿ ਜਾਏ।
ਇਕ ਘੜੀ ਜੇ ਖੁਲ੍ਹਾ ਦੀਦਾਰ ਦੇਵੇਂ,
ਸਾਡਾ ਨਿੱਤ ਦਾ ਰੇੜਕਾ ਚੁੱਕ ਜਾਵੇ।
ਤੇਰੀ ਜ਼ੁਲਫ਼ ਦਾ ਸਾਂਝਾ ਪਿਆਰ ਹੋਵੇ,
ਝਗੜਾ ਮੰਦਰ ਮਸੀਤ ਦਾ ਮੁੱਕ ਜਾਵੇ।੬।

## ਕਵਿਤਾਵਾਂ/

**ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ (ਅਮਰੀਕਾ)**

### (1) ਸਮੇਂ ਦੀ ਆਵਾਜ਼

ਮੇਰੀ ਕਲਮ ਜੋ ਹੈ ਲਿਖ ਰਹੀ ਉਹ ਵਕਤ ਦੀ ਆਵਾਜ਼ ਹੈ
ਮੈਂ ਗੀਤ ਜਿਸ ਤੇ ਗਾਵਣਾ ਉਹ ਵਕਤ ਦਾ ਹੀ ਸਾਜ ਹੈ

ਮੈਂ ਰੋਜ਼ ਜਿਸ ਨੂੰ ਵੇਖਦੀ ਕੁਲੀ ਹੈ ਉਹ ਗਰੀਬ ਦੀ
ਪਰ ਉਸ ਕੁਲੀ ਦੇ ਉੱਤੇ ਉੱਡਦਾ ਪਿਆ ਇਕ ਬਾਜ ਹੈ

ਗੰਦੀ ਜਿਹੀ ਬਸਤੀ ਹੈ ਇਕ ਮਾਸੂਮ ਭੁਖੇ ਵਿਲਕ ਰਹੇ
ਮਹਿਲਾਂ ਦੇ ਵਿਚ ਜੋ ਸੌਂ ਰਿਹਾ ਮੇਰੇ ਦੇਸ਼ ਦਾ ਹਮਰਾਜ ਹੈ

ਪੰਜਾਬੀ ਸਾਡੀ ਬੋਲੀ ਹੈ ਪੁੱਤਰ ਅਸੀਂ ਪੰਜਾਬ ਦੇ
ਪਰ ਅੰਗਰੇਜ਼ੀ ਵਿਚ ਹੋ ਰਿਹਾ ਪੰਜਾਬ ਦਾ ਕੰਮਕਾਜ ਹੈ

ਪੰਜਾਬ ਦੇ ਦਰਿਆਵਾਂ ਵਿਚ ਨਸ਼ਿਆਂ ਦੇ ਹੜ ਨੇ ਆ ਗਏ
ਇਨਸਾਨ ਬੈਠੇ ਹੋ ਰੇਹ ਸ਼ੈਤਾਨ ਦੇ ਸਿਰ ਤਾਜ ਹੈ

ਅਸੀਂ ਧਰਮ ਖਾ ਲਏ ਵੇਚ ਕੇ ਸ਼ਰਮਾਂ ਨੇ ਲਾਹ ਕੇ ਸੁੱਟੀਆਂ
ਅੰਜਾਮ ਕੀ ਹੈ ਹੋਵਣਾ ਰੋਂਦਾ ਪਿਆ ਆਗਾਜ਼ ਹੈ

ਗਲੀਆਂ ਦੇ ਵਿਚ ਪਿਸ਼ਾਚ ਨੇ ਹਰ ਥਾਂ ਤੇ ਤਾਂਡਵ ਕਰ ਰਹੇ
ਹਰ ਪਿੰਡ ਵਿਚ ਹਰ ਸ਼ਹਿਰ ਵਿਚ ਹੁਣ ਗੁੰਡਿਆਂ ਦਾ ਰਾਜ ਹੈ

ਨਿਤ ਨੰਨੀਆਂ ਛਾਵਾਂ ਦੀਆਂ ਇੱਜ਼ਤਾਂ ਨੇ ਲੁੱਟੀਆਂ ਜਾ ਰਹੀਆਂ
ਪਰ ਸਾਡੇ ਹਾਕਮਾਂ ਨੂੰ ਫਿਰ ਵੀ ਬੜਾ ਹੀ ਨਾਜ਼ ਹੈ

ਜਾਗੋ ਵੇ ਕਲਮਾਂ ਵਾਲਿਓ ਕਲਮਾਂ ਦੁਹਾਈਆਂ ਦੇ ਰਹੀਆਂ
ਕਲਮਾਂ ਦਾ ਬਣਕੇ ਕਾਫ਼ਲਾ ਹੁਣ ਬਦਲਨਾ ਸਮਾਜ ਹੈ

ਹੁਣ ਗ਼ਫ਼ਲਤਾਂ ਨੂੰ ਛੱਡ ਦਿਓ ਕਲਮਾਂ ਨੂੰ ਕਰ ਲਓ ਤਿਖੀਆਂ
(ਸੁਰਜੀਤ) ਹੁਣ ਅਸਮਾਨ ਤੱਕ ਭਰਨੀ ਅਸੀਂ ਪਰਵਾਜ਼ ਹੈ

### (2) ਅਮਨਾਂ ਦੇ ਰਾਖੇ

ਇਹ ਅਮਨਾਂ ਦੇ ਰਾਖੇ ਕਿਧਰ ਜਾ ਰਹੇ ਨੇ
ਇਹ ਵਤਨਾਂ ਦੇ ਰਾਖੇ ਕਿਧਰ ਜਾ ਰਹੇ ਨੇ

ਕਦੀ ਮੰਜ਼ਿਲ ਤਕਦੀ ਸੀ ਇਹਨਾਂ ਦੀਆਂ ਰਾਹਵਾਂ
ਸੀ ਪੈਰਾਂ 'ਚ ਹਲਚਲ ਫੌਲਾਦੀ ਸੀ ਬਾਹਵਾਂ
ਪਹਾੜਾਂ ਨੇ ਰਸਤੇ ਨਾ ਰੋਕੇ ਜਿਨ੍ਹਾਂ ਦੇ
ਕਦੀ ਰਾਹ ਨਾ ਰੋਕੇ ਜਿਨ੍ਹਾਂ ਦੇ ਹਵਾਵਾਂ
ਇਹ ਅਮਨਾਂ.....

ਇਹ ਨਲੂਏ ਦੇ ਵਾਰਿਸ ਭਗਤ ਸਿੰਘ ਦੇ ਵੀਰੇ
ਸਦਾ ਸਿਰ ਤੇ ਬੰਨ੍ਹਦੇ ਬਸੰਤੀ ਇਹ ਚੀਰੇ
ਇਹ ਹਸ ਹੱਸ ਕੇ ਚੁੰਮਦੇ ਸੀ ਫਾਂਸੀ ਦੇ ਰੱਸੇ
ਇਹ ਊਧਮ ਸਰਾਭੇ ਜਹੇ ਭਾਰਤ ਦੇ ਹੀਰੇ
ਇਹ ਅਮਨਾਂ.....

ਇਹ ਭਾਗੋ ਦੇ ਬੇਟੇ ਤੇ ਝਾਂਸੀ ਦੇ ਭਾਈ
ਸੀ ਇਹਨਾਂ ਦੀ ਗ਼ੈਰਤ ਨੇ ਧਰਤੀ ਹਿਲਾਈ
ਜਦੋਂ ਸੀਸ ਧਰ ਕੇ ਤਲੀ ਤੇ ਰਹੇ ਲੜਦੇ
ਸੀ ਦੁਨੀਆਂ 'ਚ ਮੱਚਦੀ ਦੁਹਾਈ ਦੁਹਾਈ
ਇਹ ਅਮਨਾਂ.....

ਇਹ ਅੰਮ੍ਰਿਤ ਦੇ ਦਾਤੇ ਦੇ ਸਿੰਘ ਨੇ ਸਦਾਂਦੇ
ਚਰਸਾਂ ਅਫ਼ੀਮਾਂ ਤੇ ਭੁੱਕੀਆਂ ਨੇ ਖਾਂਦੇ
ਬਜ਼ਾਰਾਂ 'ਚੋਂ ਚੁੱਕਦੇ ਨੇ ਲੋਕਾਂ ਦੀਆਂ ਧੀਆਂ
ਧੀਆਂ ਨੂੰ ਲੁਟ ਕੇ ਜ਼ਰਾ ਨਹੀਂ ਸ਼ਰਮਾਂਦੇ
ਇਹ ਅਮਨਾਂ.....

ਇਹ ਭੁਕੀਆਂ ਤੇ ਚਰਸਾਂ ਸ਼ਰਾਬਾਂ ਦੀ ਮੱਸਤੀ
ਬੇਗ਼ੈਰਤ ਜਵਾਨੀ ਦੀ ਸ਼ੋਹਰਤ ਇਹ ਸੱਸਤੀ
ਸਤਲੁਜ ਤੇ ਬਿਆਸਾਂ ਨੂੰ ਅੱਗਾਂ ਨਾ ਲਾਵੋ
ਜੇ ਹੁਣ ਵੀ ਮੁੜੇ ਨਾਂ ਤੇ ਮਿਟ ਜਾਏਗੀ ਹਸਤੀ
ਇਹ ਅਮਨਾਂ.....

ਔਹ ਧੀ ਹੈ ਵਤਨ ਦੀ ਵਤਨ ਦੀ ਹੈ ਬੇਟੀ
ਸਦਾ ਰਹੀ ਜੋ ਇੱਜ਼ਤ ਅਣਖ ਵਿਚ ਲਪੇਟੀ
ਜ੍ਹਿਦੇ ਸਿਰ ਤੇ ਸ਼ਗਨਾਂ ਦਾ ਸਾਲੂ ਸੀ ਸੱਜਣਾਂ
ਉਹਦੀ ਲਾਸ਼ ਕੱਫ਼ਨ 'ਚ ਗਈ ਹੈ ਲਪੇਟੀ
ਇਹ ਅਮਨਾਂ.....

ਨਾਂ ਨਸ਼ਿਆਂ 'ਚ ਡੁਬੋ ਵੇ ਖ਼ੁਦ ਨੂੰ ਬਚਾਵੋ
ਅਮਨ ਨੂੰ ਸੰਭਾਲੋ ਵਤਨ ਨੂੰ ਬਚਾਵੋ

ਇਹ ਜੱਗ ਦੀ ਹੈ ਜਨਣੀ ਇਹ ਬੇਟੀ ਹੈ ਮਾਂ ਹੈ
(ਸੁਰਜੀਤ) ਹੋ ਕੇ ਧੀਆਂ ਨੂੰ ਬਚਾਵੋ
ਇਹ ਅਮਨਾਂ.....

### (3) ਮਾਂ ਹਾਂ ਪੰਜ ਆਬਾਂ ਦੀ ਜਾਈ

ਮੈਂ ਹਾਂ ਪੰਜ ਆਬਾਂ ਦੀ ਜਾਈ ਜਦ ਵੀ ਕਲਮ ਉਠਾਵਾਂਗੀ ਮੈਂ
ਜਾਤ ਪਾਤ ਤੇ ਛੂਆ ਛਾਤ ਦੀਆਂ ਸਭ ਦੀਵਾਰਾਂ ਢਾਹਵਾਂਗੀ ਮੈਂ

ਮੈਂ ਬੱਦਲਾਂ ਤੇ ਘਰ ਕਿਉਂ ਪਾਵਾਂ ਧਰਤੀ ਸਵਰਗ ਬਣਾਵਾਂਗੀ ਮੈਂ
ਮੈਂ ਹਾਂ ਮਾਂ ਤੇ ਮੈਂ ਹਾਂ ਬੇਟੀ ਜੱਗ ਨੂੰ ਜਿਊਣ ਸਿਖਾਵਾਂਗੀ ਮੈਂ

ਸਸੀ ਸੋਹਣੀ ਹੀਰ ਦੇ ਕਿਸੇ ਕਦੀ ਨਾਂ ਸੁਣਾਂ ਸੁਣਾਵਾਂਗੀ ਮੈਂ
ਸ਼ਬਦ ਗੁਰੂ ਗੁਰਬਾਣੀ ਦੇ ਨਾਲ ਲਗੀ ਪ੍ਰੀਤ ਨਿਭਾਵਾਂਗੀ ਮੈਂ

ਸਿਰ ਤੇ ਚੁੰਨੀ ਮੋਢੇ ਕਮਲੀ ਪੂਰੇ ਕੱਪੜੇ ਪਾਵਾਂਗੀ ਮੈਂ
ਹਥ ਜੋੜ ਕੇ ਸੀਸ ਝੁਕਾ ਕੇ ਗੁਰਦੁਆਰੇ ਜਾਵਾਂਗੀ ਮੈਂ

ਬਾਣੀ ਗੁਰੂ ਗੁਰੂ ਹੈ ਬਾਣੀ ਦੁਨੀਆਂ ਨੂੰ ਸਮਝਾਵਾਂਗੀ ਮੈਂ
ਧਰਮ ਦੇ ਨਾਂ ਤੇ ਹੋਵਣ ਠੱਗੀਆਂ ਠੱਗੀਆਂ ਤਾਈਂ ਹਟਾਵਾਂਗੀ ਮੈਂ

ਲੋੜ ਪੈਣ ਤੇ ਰਾਣੀ ਝਾਂਸੀ ਵਾਗਰ ਲੜਨਾ ਚਾਹਵਾਂਗੀ ਮੈਂ
ਮਾਂ ਭਾਗੋ ਬਣ ਦੇਸ਼ ਦੇ ਦੁਸ਼ਮਣ ਰਮ ਵਿਚ ਮਾਰ ਮੁਕਾਵਾਂਗੀ ਮੈਂ

ਜਦੋਂ ਜ਼ੁਲਮ ਦੇ ਬੱਦਲ ਛਾਏ ਬਣਕੇ ਚੰਡੀ ਆਵਾਂਗੀ ਮੈਂ
ਮਾਰਨ ਲਈ ਦੈਂਤ ਮਹਿਖਾਸੁਰ ਫਿਰ ਤਲਵਾਰ ਚਲਾਵਾਂਗੀ ਮੈਂ

ਮਦਰ ਟਰੇਸਾ ਵਾਂਗਰ ਰੱਜ ਕੇ ਮਾਨਵ ਸੇਵ ਕਮਾਵਾਂਗੀ ਮੈਂ
ਔਰਤ ਕਦੀ ਨਾ ਬੇਪੱਤ ਹੋਵੇ ਉਸ ਦੀ ਅਣਖ ਜਗਾਵਾਂਗੀ ਮੈਂ

ਝੂਠੇ ਰਾਜ ਸਮਾਜ ਵੀ ਝੂਠੇ ਕੁਰਸੀਆਂ ਉਤੋਂ ਲਾਹਵਾਂਗੀ ਮੈਂ
ਬੇਈਮਾਨ ਗੱਦਾਰਾਂ ਦੇ ਇਸ ਧਰਤ ਤੋਂ ਨਾਮ ਮਿਟਾਵਾਂਗੀ ਮੈਂ

ਸਸੀ ਸੋਹਣੀ ਸਾਹਿਬਾ ਵਾਂਗਰ ਪਿਓ ਦੀ ਪੱਗ ਨਾਂ ਲਾਹਵਾਂਗੀ ਮੈਂ
ਇਸ਼ਕ ਮੁਸ਼ਕ ਦੀ ਸਿਖਰ ਦੁਪਹਿਰੇ ਕਦੀ ਨਾਂ ਖੇਹ ਉਡਾਵਾਂਗੀ ਮੈਂ

ਧੀਆਂ ਦੇ ਕਦੀ ਸੜਨ ਨਾਂ ਸਾਲੂ ਧੀਆਂ ਤਾਈਂ ਬਚਾਵਾਂਗੀ ਮੈਂ
ਬਾਬਲ ਪਤੀ ਤੇ ਪੁੱਤਰ ਸਭ ਦੀ ਇੱਜ਼ਤ ਰਖ ਵਿਖਾਵਾਂਗੀ ਮੈਂ

ਸੰਜਮ ਸੁਹਜ ਸਿਆਣਪ ਦੇ ਵਿਚ ਜ਼ਿੰਦਗੀ ਆਪ ਬਿਤਾਵਾਂਗੀ ਮੈਂ
ਰੁਖੀ ਮਿਸੀ ਜੋ ਰੱਬ ਦੇਵੇ ਸ਼ੁਕਰ ਮਨਾ ਕੇ ਖਾਵਾਂਗੀ ਮੈਂ

ਰੱਬ ਨੇ ਮੈਨੂੰ ਕਲਮ ਹੈ ਦਿੱਤੀ ਇਸਦਾ ਮਾਣ ਵਧਾਵਾਂਗੀ ਮੈਂ
ਬਣ (ਸੁਰਜੀਤ) ਗੁਰੂ ਨਾਨਕ ਦਾ ਲਖ ਲਖ ਸ਼ੁਕਰ ਮਨਾਵਾਂਗੀ ਮੈਂ

* * *

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਉਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ**
**ਭਗਵਾਨ ਸਿੰਘ ਲੁਬਾਣਾ**
**ਮੋ. 98155-40240**
**lubanabs@yahoo.co.in**



# ਆਓ ਹੱਸੀਏ



**ਇਕਅ ਾਦਮੀ-** ਦੂਜੇ ਆਦਮੀ ਨੂੰ ਤੁਸੀਂ ਇਕ ਮਹੀਨਾ ਕਿਥੇ ਗੁਜ਼ਾਰੋਗੇ।

**ਦੂਜਾ ਆਦਮੀ** - ਇਕ ਦਿਨ ਘੋੜਾ ਸਵਾਰੀ 'ਚ ਤੇ ਬਾਕੀ ਦਿਨ ਹਸਪਤਾਲ 'ਚ ਗੁਜ਼ਾਰਾਂਗਾ।

***

**ਮੋਟਾ ਆਦਮੀ** - ਅਰੇ ਭਾਈ ਮੈਨੂੰ ਕਿਉਂ ਰੋਕ ਲਿਆ।

**ਟ੍ਰੈਫਿਕ ਪੁਲਿਸ ਵਾਲਾ**- ਇਸ ਸੜਕ ਤੋਂ ਭਾਰੀ ਵਾਹਨਾਂ ਦਾ ਆਉਣਾ–ਜਾਣਾ ਮਨਾ ਹੈ।

***

**ਗਾਇਕ** - ਸਾਡੇ ਘਰ ਦਾ ਲਗਭਗ ਹਰ ਮੈਂਬਰ ਗਾਉਂਦਾ ਹੈ।

**ਪੱਤਰਕਾਰ** - ਅੱਛਾ! ਪਰ ਗਾਉਂਦੇ ਕਿਥੇ ਨੇ ਅਸੀਂ ਤਾਂ ਕਦੀ ਨਹੀਂ ਸੁਣਿਆ।

**ਗਾਇਕ** - ਅਸੀਂ ਸਭ ਜੀ ਬਾਥਰੂਮ ਵਿਚ ਗਾਉਂਦੇ ਹਾਂ, ਤਾਂ ਹੀ ਤੇ ਬਾਹਰ ਅਵਾਜ਼ ਨਹੀਂ ਆਉਂਦੀ।

***

ਇਕ ਵਾਰ ਇਕ ਪਤਨੀ ਦੇ ਬੁੱਲ੍ਹ 'ਤੇ ਸੱਟ ਲੱਗ ਗਈ ਤਾਂ ਪਤੀ ਟਾਂਕਾ ਲਗਵਾਉਣ ਲਈ ਇਕ ਡਾਕਟਰ ਕੋਲ ਲੈ ਗਿਆ, ਡਾਕਟਰ ਨੇ ਦਸ ਰੁਪਏ ਮੰਗੇ ਤਾਂ ਪਤੀ ਨੇ ਡਾਕਟਰ ਨੂੰ ਇਕ ਪਾਸੇ ਲਿਜਾ ਕੇ ਕਿਹਾ– ਇਹ ਲਉ ਵੀਹ ਰੁਪਏ, ਇਸ ਦੇ ਦੋਵੇਂ ਹੀ ਬੁੱਲ੍ਹ ਸੀ ਦਿਉ।

***

ਨੌਕਰਾਣੀ (ਮਾਲਕਿਨ ਨੂੰ) ਇਸ ਸੜੇ ਹੋਏ ਪਰੌਂਠੇ ਦਾ ਕੀ ਕਰਾਂ ਮੈਡਮ?

(ਮਾਲਕਿਨ) ਤੁਮਾਹਰੇ ਸਾਹਿਬ ਨੇ ਨਾਸ਼ਤਾ ਕਰ ਲਿਆ ਏ?

(ਨੌਕਰਾਣੀ) ਆਹੋ ਮੈਡਮ!

(ਮਾਲਕਿਨ) ਤੇ ਫਿਰ ਕੁੱਤੇ ਅੱਗੇ ਸੁੱਟ ਦੇ।

***

ਇਕ ਲੜਕਾ ਰੋਂਦਾ ਹੋਇਆ ਆਇਆ ਤੇ ਪਿਤਾ ਜੀ ਨੂੰ ਕਹਿਣ ਲੱਗਾ, ਮੈਨੂੰ ਮੰਮੀ ਨੇ ਮਾਰਿਆ ਹੈ।

ਪਿਤਾ ਜੀ ਨੇ ਜਵਾਬ ਦਿੱਤਾ, ਬੇਟਾ ਹਾਈਕੋਰਟ ਵਿਚ ਸੁਪਰੀਮ ਕੋਰਟ ਵਿਰੁੱਧ ਸੁਣਵਾਈ ਨਹੀਂ ਹੈ।

***

**ਬਬਲੀ ਰੋਹਨੀ ਨੂੰ** - ਭੈਣ ਜੀ ਰਾਤ ਦਾ ਜਗਰਾਤਾ ਕਿਸ ਤਰ੍ਹਾਂ ਦਾ ਰਿਹਾ?

**ਰੋਹਨੀ** - ਬਹੁਤ ਵਧੀਆ ਮੈਂ ਸੁਨੀਲ ਦੇ ਡੈਡੀ ਦਾ ਪੂਰਾ ਸਵੈਟਰ ਬੁਣ ਲਿਆ।

***

**ਪਿਤਾ (ਬੇਟੀ ਨੂੰ)** - ਬੇਟੀ ਕਿਉਂ ਰੋ ਰਹੀ ਏ?

**ਬੇਟੀ** - ਮਾਸਟਰ ਜੀ ਬੀਮਾਰ ਸਨ।

ਪਿਤਾ (ਗੱਲ ਕੱਟ ਕੇ) ਕੀ ਬਹੁਤ ਬੀਮਾਰ ਨੇ?

**ਬੇਟੀ**- ਨਹੀਂ ਡੈਡੀ, ਉਹ ਠੀਕ ਹੋ ਗਏ ਹਨ ਤੇ ਕੱਲ ਤੋਂ ਫਿਰ ਸਕੂਲ ਆ ਰਹੇ ਹਨ।

***

ਇਕ ਲੜਕੀ (ਰਿਕਸ਼ੇ ਵਾਲੇ ਨੂੰ) ਕਿਉਂ ਭਾਈ, ਰੇਲਵੇ ਸਟੇਸ਼ਨ ਦਾ ਕੀ ਲਵੋਗੇ?

(ਰਿਕਸ਼ੇ ਵਾਲਾ) ਮੁਆਫ ਕਰਨਾ, ਮੈਂ ਰੇਲਵੇ ਸਟੇਸ਼ਨ ਵੇਚਿਆ ਨਹੀਂ ਕਰਦਾ।

***

## ਅਪੀਲ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਮੂਹ ਮੈਂਬਰਾਨ, ਕਾਰਜਕਾਰੀ ਮੈਂਬਰ, ਵਰਕਿੰਗ ਕਮੇਟੀ ਮੈਂਬਰ ਅਤੇ ਸਮੂਹ ਅਹੁਦੇਦਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪ ਜੀ ਨਾਲ ਸੰਪਰਕ ਕਰਨ ਲਈ ਆਪੋ ਆਪਣੇ ਮੋਬਾਈਲ ਜਾਂ ਟੈਲੀਫ਼ੋਨ ਨੰਬਰ ਅਤੇ ਈ–ਮੇਲ ਪਤਾ ਫਾਊਂਡੇਸ਼ਨ ਦੇ ਦਫ਼ਤਰ ਵਿਖੇ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਕਿ ਮੈਨੇਜਮੈਂਟ ਵੱਲੋਂ ਫਾਊਂਡੇਸ਼ਨ ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਸੰਬੰਧੀ ਸਮੇਂ ਸਿਰ ਆਪ ਜੀ ਨੂੰ ਸੂਚਿਤ ਕੀਤਾ ਜਾ ਸਕੇ।

**ਜਨਰਲ ਸਕੱਤਰ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਜਾਨਵਰਾਂ ਸੰਬੰਧੀ ਅਨੋਖੀ ਜਾਣਕਾਰੀ

* ਹਾਈਡਰਾ ਅਲੂਣੇ ਪਾਣੀ ਵਿਚ ਰਹਿਣ ਵਾਲਾ ਐਸਾ ਜੀਵ ਹੈ ਜਿਸ ਦਾ ਕੋਈ ਮਲ-ਦੁਆਰ ਨਹੀਂ ਹੁੰਦਾ। ਇਹ ਅਣਪਚਿਆ ਭੋਜਨ ਅਤੇ ਮਲ-ਪਦਾਰਥ ਮੂੰਹ ਰਸਤੇ ਬਾਹਰ ਕੱਢਦਾ ਹੈ।
* ਫਾਈਸੇਲੀਆ ਇਕ ਐਸਾ ਸਮੁੰਦਰੀ ਜੀਵ ਹੈ, ਜਿਸ ਦਾ ਸਰੀਰ ਪਾਰਦਰਸ਼ਕ ਹੁੰਦਾ ਹੈ।
* ਤੰਦੂਆ ਐਸਾ ਜੀਵ ਹੈ ਕਿ ਜਦੋਂ ਕੋਈ ਜਾਨਵਰ ਇਸ 'ਤੇ ਹਮਲਾ ਕਰਦਾ ਹੈ ਤਾਂ ਇਹ ਆਪਣੇ ਅੰਦਰੋਂ ਸਿਆਹੀ ਵਰਗਾ ਤਰਲ ਪਦਾਰਥ ਕੱਢ ਕੇ ਹਮਲਾਵਰ ਦੀਆਂ ਅੱਖਾਂ ਬੰਦ ਕਰ ਦਿੰਦਾ ਹੈ।
* ਮੈਕਸੀਕੋ ਅਤੇ ਅਮਰੀਕਾ ਦੇ ਪੱਛਮ-ਪੂਰਬੀ ਭਾਗ ਵਿਚ ਸਿੰਗੀ ਕਿਰਲੀ (ਕਿਰਲੀ ਜਾਤੀ) ਨਾਂਅ ਦਾ ਐਸਾ ਜੀਵ ਹੈ ਜੋ ਆਪਣੇ 'ਤੇ ਹਮਲਾ ਹੋਣ ਦੀ ਸੂਰਤ ਵਿਚ ਆਪਣੀਆਂ ਅੱਖਾਂ ਵਿਚੋਂ ਲਹੂ ਦੀਆਂ ਤੇਜ਼ ਧਾਰਾਂ ਦੁਸ਼ਮਣ 'ਤੇ ਸੁੱਟਦਾ ਹੈ।
* ਗਿਲਾਮੌਂਸਟਰ ਅਮਰੀਕਾ ਵਿਚ ਪਾਇਆ ਜਾਣ ਵਾਲਾ ਕਿਰਲੀ ਜਾਤੀ ਦਾ ਐਸਾ ਜੀਵ ਹੈ ਜਿਸ ਦੇ ਕੱਟਣ ਨਾਲ ਮਨੁੱਖ ਦੀ ਮੌਤ ਹੋ ਸਕਦੀ ਹੈ।
* ਬ੍ਰਾਜ਼ੀਲ ਦੇ ਜੰਗਲਾਂ ਵਿਚ ਸਲਾਥ ਨਾਂਅ ਦਾ ਐਸਾ ਜੀਵ ਪਾਇਆ ਜਾਂਦਾ ਹੈ ਜੋ ਆਮ ਤੌਰ 'ਤੇ ਰੁੱਖਾਂ ਨਾਲ ਪੁੱਠਾ ਲਟਕਿਆ ਰਹਿੰਦਾ ਹੈ। ਇਸ ਦੀ ਪਕੜ ਐਨੀ ਮਜ਼ਬੂਤ ਹੈ ਕਿ ਗੋਲੀ ਲੱਗਣ 'ਤੇ ਵੀ ਗਲ-ਸੜ ਕੇ ਹੀ ਹੇਠਾਂ ਡਿੱਗਦਾ ਹੈ।
* ਉਤਰੀ ਅਮਰੀਕਾ, ਰੂਸ, ਕੈਨੇਡਾ ਵਿਚ ਮੋਟੇ ਚੂਹੇ ਦੀ ਨੁਹਾਰ ਵਰਗਾ 'ਬੀਵਰ' ਐਸਾ ਜੀਵ ਪਾਇਆ ਜਾਂਦਾ ਹੈ ਜੋ ਦਰਿਆ ਵਿਚ ਸਮੂਹ ਨਾਲ ਮਿਲ ਕੇ ਲੱਕੜੀ ਦੇ ਟੁਕੜਿਆਂ ਨਾਲ 12 ਫੁੱਟ ਤੱਕ ਉਚੀ ਬਣਾਉਟੀ ਝੀਲ ਦਾ ਨਿਰਮਾਣ ਕਰ ਸਕਦਾ ਹੈ।

* * *

❁ ❁ ❁ ❁ ❁

# ਇਹ ਵੀ ਜਾਣੋ

1. ਚੂਹੇ ਅਤੇ ਹਾਥੀ ਵਿਚ ਸਾਂਝਾ ਲੱਛਣ ਕੀ ਹੈ?
2. ਭਾਰਤ ਵਿਚ ਕਿਸ ਰਾਜ ਦੀ ਵਸੋਂ ਘਣਤਾ ਸਭ ਤੋਂ ਵੱਧ ਹੈ?
3. ਕਾਗਜ਼ ਬਣਾਉਣ ਲਈ ਕਿਹੜਾ ਘਾਹ ਵਰਤਿਆ ਜਾਂਦਾ ਹੈ?
4. ਉਹ ਕਿਹੜਾ ਜਾਨਵਰ ਹੈ, ਜਿਹੜਾ ਪਾਣੀ ਤੇ ਥਲ ਦੋਵਾਂ ਵਿਚ ਰਹਿ ਸਕਦਾ ਹੈ?
5. ਦੁਨੀਆਂ ਵਿਚ ਸਭ ਤੋਂ ਵੱਡੇ ਜਾਨਵਰ ਦਾ ਨਾਂਅ ਦੱਸੋ?
6. ਰਾਸ਼ਟਰਪਤੀ ਦੀ ਚੋਣ ਲੜਨ ਲਈ ਕਿੰਨੀ ਉਮਰ ਚਾਹੀਦੀ ਹੈ?
7. ਯੋਜਨਾ ਆਯੋਗ ਦਾ ਪ੍ਰਧਾਨ ਕੌਣ ਹੁੰਦਾ ਹੈ?
8. ਨੈਪੋਲੀਅਨ ਕਿੱਥੋਂ ਦਾ ਸ਼ਾਸ਼ਕ ਸੀ?
9. ਸੱਪ ਦੀ ਜ਼ਹਿਰ ਦੀ ਵਰਤੋਂ ਕਿਨ੍ਹਾਂ ਵਿਚ ਕੀਤੀ ਜਾਂਦੀ ਹੈ?
10. ਧੁੱਪ ਤੋਂ ਸਾਨੂੰ ਕਿਹੜਾ ਵਿਟਾਮਿਨ ਮਿਲਦਾ ਹੈ?

**ਉਤਰ** - (1) ਦੋਵੇਂ ਸਜੀਵ ਹਨ (2) ਕੇਰਲਾ (3) ਸਵਾਹੀ ਘਾਹ (4) ਡੱਡੂ (5) ਨੀਲੀ ਵੇਲ੍ਹ (6) 35 ਸਾਲ (7) ਪ੍ਰਧਾਨ ਮੰਤਰੀ (8) ਫਰਾਂਸ ਦਾ (9) ਦਵਾਈਆਂ ਵਿਚ (10) ਵਿਟਾਮਿਨ 'ਡੀ'

❁ ❁ ❁ ❁ ❁

* ਬੇਟੀ ਸਾਰੀ ਉਮਰ ਬੇਟੀ ਹੀ ਰਹਿੰਦੀ ਹੈ, ਜੇ ਤੁਹਾਡੀ ਬੇਟੀ ਦੀ ਸ਼ਾਦੀ ਕਿਸੇ ਚੰਗੇ ਪੁਰਸ਼ ਨਾਲ ਹੋ ਜਾਂਦੀ ਹੈ ਤਾਂ ਤੁਸੀਂ ਬੇਟਾ ਹਾਸਲ ਕਰੋਗੇ, ਜੇ ਨਹੀਂ ਤਾਂ ਤੁਸੀਂ ਆਪਣੀ ਬੇਟੀ ਗਵਾ ਦੇਵੋਗੇ। **(ਫਰੈਕਲਿਨ)**
* ਬੇਟੀ ਉਹ ਫੁਲਵਾੜੀ ਹੈ, ਜੋ ਖੁਸ਼ੀ ਦਿੰਦੀ ਹੈ, ਤੇ ਅੱਗੋਂ ਹਰ ਫੁੱਲ ਖਿੜਦੇ ਹਨ। **(ਸੰਤ ਸੁਰਜੀਤ)**
* ਬੇਟਾ ਉਸ ਵਕਤ ਤੱਕ ਬੇਟਾ ਰਹਿੰਦਾ ਹੈ, ਜਦ ਤੱਕ ਕਿ ਉਸ ਦੀ ਸ਼ਾਦੀ ਨਾ ਹੋ ਜਾਵੇ। ਲੇਕਿਨ ਬੇਟੀ ਸਾਰੀ ਉਮਰ ਬੇਟੀ ਰਹਿੰਦੀ ਹੈ। **(ਫਿਲਰ)**
* ਇਕ ਬਜ਼ੁਰਗ ਜਿਸ ਦੀ ਪਤਨੀ ਮਰ ਚੁੱਕੀ ਹੋਵੇ, ਉਹ ਆਪਣੀ ਇਕਲੌਤੀ ਬੇਟੀ ਦੀ ਸ਼ਾਦੀ ਤੋਂ ਬਾਅਦ ਇਸ ਤਰ੍ਹਾਂ ਇਕੱਲਾ ਰਹਿ ਜਾਂਦਾ ਹੈ, ਜਿਸ ਤਰ੍ਹਾਂ ਭੇਡਾਂ ਵਿਚ ਚਰਵਾਹਾ ਰਹਿ ਜਾਂਦਾ ਹੈ। **(ਖਲੀਲ ਜਵਾਰਾਨ)**

# ਦਿਲ ਦੇ ਮਰੀਜ਼ ਹੋ ? ਜੀਵਨਸ਼ੈਲੀ 'ਚ ਬਦਲਾਅ ਜ਼ਰੂਰੀ !

ਡਾ. ਹਰਚੰਦ ਸਿੰਘ ਸਰਹਿੰਦੀ



ਭਾਰਤ ਵਿਚ ਇਸ ਸਮੇਂ 8 ਕਰੋੜ ਲੋਕ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਹਨ, ਜਿਨ੍ਹਾਂ ਵਿਚੋਂ ਕਰੀਬ 25 ਫ਼ੀਸਦੀ, ਭਾਵ ਦੋ ਕਰੋੜ ਦੇ ਸਿਰ 'ਤੇ ਦਿਲ ਦੇ ਦੌਰੇ ਦਾ ਖ਼ਤਰਾ ਮੰਡਲਾ ਰਿਹਾ ਹੈ। ਹਰ ਸਾਲ 25 ਲੱਖ ਤੋਂ ਵੱਧ ਲੋਕ ਦਿਲ ਦੇ ਦੌਰੇ ਦੀ ਭੇਟ ਚੜ੍ਹ ਜਾਂਦੇ ਹਨ। ਜ਼ਿੰਦਗੀ ਦੇ ਰੰਗ-ਢੰਗ ਬਦਲਣ ਤੇ ਵਧਦੇ ਤਣਾਅ ਕਾਰਨ ਹੁਣ ਬੁੱਢੇ ਹੀ ਨਹੀਂ ਸਗੋਂ ਨੌਜਵਾਨ ਵੀ ਦਿਲ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਇਸ ਸੰਬੰਧੀ ਤਾਜ਼ਾ ਅੰਕੜੇ ਦੱਸਦੇ ਹਨ ਕਿ ਭਾਰਤ ਵਿਚ ਦਿਲ ਦੇ ਦੌਰਿਆਂ ਤੋਂ ਪੀੜਤਾਂ ਵਿਚ 80 ਲੱਖ ਉਹ ਲੋਕ ਹਨ, ਜਿਨ੍ਹਾਂ ਦੀ ਉਮਰ 40 ਸਾਲ ਤੋਂ ਘੱਟ ਹੈ। ਭਾਰਤ ਦੇ ਉਘੇ ਦਿਲ ਰੋਗ ਮਾਹਰ ਡਾ. ਉਪਿੰਦਰ ਕੌਲ ਦਾ ਕਹਿਣਾ ਹੈ ਕਿ ਪੱਛਮੀ ਦੇਸ਼ਾਂ ਦੇ ਮੁਕਾਬਲੇ ਭਾਰਤ ਵਿਚ ਇਹ ਸਮੱਸਿਆ ਕੁਝ ਜ਼ਿਆਦਾ ਹੀ ਗੰਭੀਰ ਹੈ। ਭਾਰਤ ਵਿਚ ਦਿਲ ਦੇ ਦੌਰਿਆਂ ਤੋਂ ਪੀੜਤ 40 ਸਾਲ ਤੋਂ ਘੱਟ ਉਮਰ ਦੇ ਲੋਕਾਂ ਦੀ ਗਿਣਤੀ 40 ਫੀਸਦੀ ਹੈ, ਜਦੋਂ ਕਿ ਉਤਰੀ ਅਮਰੀਕਾ ਸਣੇ ਪੱਛਮੀ ਦੇਸ਼ਾਂ ਵਿਚ ਇਹ ਅੰਕੜਾ ਸਿਰਫ਼ ਚਾਰ ਫ਼ੀਸਦੀ ਹੈ। ਦਰਅਸਲ, ਭਾਰਤੀ ਮੂਲ ਦੇ ਲੋਕਾਂ ਵਿਚ, ਯੂਰਪ ਵਾਸੀਆਂ ਦੇ ਮੁਕਾਬਲੇ, ਦਿਲ ਦਾ ਦੌਰਾ ਪੈਣ ਦੀਆਂ ਵੱਧ ਸੰਭਾਵਨਾਵਾਂ ਹੁੰਦੀਆਂ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਭਾਰਤ ਵਾਸੀਆਂ ਦੇ ਖ਼ੂਨ ਵਿਚ ਕੋਲੈਸਟਰਾਲ ਦੀ ਮਾਤਰਾ ਵਿਚ ਵਾਧਾ ਹੋਣ ਦਾ ਝੁਕਾਉ ਬਣਿਆ ਰਹਿੰਦਾ ਹੈ।

ਮਰਦਾਂ ਦੀ ਤੁਲਨਾ ਵਿਚ ਔਰਤਾਂ ਦਿਲ ਦੇ ਰੋਗਾਂ ਤੋਂ ਕਾਫ਼ੀ ਹੱਦ ਤੱਕ ਬਚੀਆਂ ਰਹਿੰਦੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਔਰਤਾਂ ਦੇ ਸਰੀਰ ਵਿਚ ਰਜੋਨਵਿਰਤੀ (ਮੀਨੋਪਾਜ਼) ਤੋਂ ਪਹਿਲਾਂ, ਮਦੀਨ ਲਿੰਗ ਹਾਰਮੋਨਜ਼ (ਈਸਟਰੋਜਨ ਤੇ ਪ੍ਰੋਜੈਸਟਰਾਨ) ਦੀ ਭਰਪੂਰ ਮਾਤਰਾ, ਉਨ੍ਹਾਂ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਾਓ ਛਤਰ ਪ੍ਰਦਾਨ ਕਰਦੀ ਹੈ। ਕਿਵੇਂ? ਲਿੰਗ ਹਾਰਮੋਨਜ਼ ਦੀ ਮੌਜੂਦਗੀ, ਧਮਣੀਆਂ (ਆਰਟਰੀਜ਼) ਵਿਚ ਕੋਲੈਸਟਰਾਲ ਦੇ ਜਮਾਅ ਨੂੰ ਰੋਕਦੀ ਹੈ। ਪਰ ਤਾਜ਼ਾ ਅਧਿਐਨਾਂ ਦੇ ਅੰਕੜੇ ਦੱਸਦੇ ਹਨ ਕਿ ਪਿਛਲੇ ਕੁਝ ਸਾਲਾਂ ਤੋਂ ਔਰਤਾਂ ਵਿਚ ਦਿਲ ਦੇ ਰੋਗ ਤੇਜ਼ੀ ਨਾਲ ਵਧ ਰਹੇ ਹਨ। ਇਸ ਦਾ ਕਾਰਨ ਹੈ ਕਿ ਅੱਜ ਔਰਤਾਂ ਵੀ ਭੱਜ-ਦੌੜ ਤੇ ਤਣਾਅ ਭਰੀ ਜ਼ਿੰਦਗੀ ਵਿਚ ਪਿਸ ਰਹੀਆਂ ਹਨ।

ਦਿਲ ਦੀਆਂ ਬਿਮਾਰੀਆਂ ਦੇ ਬਹੁਤ ਸਾਰੇ ਕਾਰਨ ਹਨ, ਪਰ ਧਮਣੀਆਂ ਦਾ ਅੰਦਰੋਂ ਤੰਗ ਹੋ ਜਾਣਾ ਦਿਲ ਦੇ ਰੋਗਾਂ ਦਾ ਮੁੱਖ ਕਾਰਨ ਸਮਝਿਆ ਜਾਂਦਾ ਹੈ। ਗੱਲ ਨੂੰ ਹੋਰ ਸਪੱਸ਼ਟ ਕਰਦਿਆਂ, ਧਮਣੀਆਂ ਅੰਦਰ ਕੋਲੈਸਟਰਾਲ ਦਾ ਲੇਪ ਹੋ ਜਾਣ ਕਾਰਨ ਇਨ੍ਹਾਂ ਦਾ ਵਿਆਸ ਅੰਦਰੋਂ ਘੱਟ ਜਾਂਦਾ ਹੈ। ਫਿਰ, ਇਨ੍ਹਾਂ ਤੰਗ ਹੋਏ ਰਸਤਿਆਂ ਵਿਚੋਂ ਖ਼ੂਨ ਧੱਕਣ ਲਈ ਦਿਲ ਨੂੰ ਵਿਥੋਂ ਵੱਧ ਕੰਮ ਕਰਨਾ ਪੈਂਦਾ ਹੈ। ਫਲਸਰੂਪ, ਦਿਲ ਦੀ ਵਿਵਸਥਾ ਅਤੇ ਕ੍ਰਮਬੱਧਤਾ ਵਿਚ ਵਿਗਾੜ ਆ ਜਾਂਦਾ ਹੈ। ਇਹੋ ਜਿਹੇ ਹਾਲਾਤ ਹੀ ਦਿਲ ਦੇ ਦੌਰੇ ਦਾ ਕਾਰਨ ਬਣਦੇ ਹਨ। ਕਿਵੇਂ? ਸੰਖੇਪ ਵਿਚ, ਦਿਲ ਦੇ ਪੱਠਿਆਂ ਨੂੰ ਕਾਰੋਨਰੀ ਆਰਟਰੀਜ਼ ਰਾਹੀਂ ਸ਼ੁੱਧ ਖ਼ੂਨ ਦੀ ਨਿਰਵਿਘਨ ਸਪਲਾਈ ਬਣੀ ਰਹਿੰਦੀ ਹੈ। ਪਰ ਜਦੋਂ ਕਾਰੋਨਰੀ ਆਰਟਰੀਜ਼ 'ਚ ਕੋਲੈਸਟਰਾਲ ਦੇ ਜੰਮਣ ਕਾਰਨ ਰਸਤਾ ਅੰਦਰੋਂ ਤੰਗ ਹੋ ਜਾਂਦਾ ਹੈ ਤਾਂ ਦਿਲ ਦੇ ਪੱਠਿਆਂ ਨੂੰ ਖ਼ੂਨ ਦੀ ਲੋੜੀਂਦੀ ਸਪਲਾਈ ਵਿਚ ਵਿਘਨ ਪੈ ਜਾਂਦਾ ਹੈ। ਫਲਸਰੂਪ ਦਿਲ ਦਰਦ ਦੀ ਸ਼ਿਕਾਇਤ ਪੈਦਾ ਹੋ ਜਾਂਦੀ ਹੈ। ਦਿਲ ਦੀ ਇਸ ਤਕਲੀਫ਼ ਨੂੰ ਹੀ ਦਿਲ ਦਾ ਦੌਰਾ (ਹਾਰਟ ਅਟੈਕ) ਕਿਹਾ ਜਾਂਦਾ ਹੈ। ਭਾਰਤ ਵਿਚ, ਇਕ ਅੰਦਾਜ਼ੇ ਅਨੁਸਾਰ 1,000 ਵਿਅਕਤੀਆਂ ਪਿਛੇ 33 ਨੂੰ ਹਾਰਟ ਅਟੈਕ ਦਾ ਸੰਤਾਪ ਭੋਗਣਾ ਪੈਂਦਾ ਹੈ। ਇਨ੍ਹਾਂ ਵਿਚੋਂ 18 ਲੱਖ ਬਿਨਾਂ ਕਿਸੇ ਚਿਤਾਵਨੀ ਤੋਂ ਜਾਂ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਜਾਂਦੇ ਹਨ।

ਹਾਰਟ ਅਟੈਕ ਦੀਆਂ ਬਹੁਤੀਆਂ ਘਟਨਾਵਾਂ ਸਵੇਰ ਵੇਲੇ ਵਾਪਰਦੀਆਂ ਹਨ। ਇਸ ਲਈ ਸਵੇਰੇ ਤੜਕਸਾਰ ਛਾਤੀ 'ਚ ਉਠੇ ਦਰਦ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਇਹੋ ਤੱਥ, ਡਾ.ਕੇ.ਕੇ. ਅੱਗਰਵਾਲ, ਪ੍ਰਧਾਨ

ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਸ਼ਬਦਾਂ ਵਿਚ : “Early Morning Chest Paing Should Never Be Ignored as most Heart Attacks Occur in the Morning” ਚੇਤੇ ਰਹੇ! ਛਾਤੀ ’ਚ ਖੱਬੇ ਪਾਸੇ ਉਠਿਆ ਦਰਦ ਜ਼ਰੂਰੀ ਨਹੀਂ ਹਾਰਟ ਅਟੈਕ ਹੀ ਹੋਵੇ! ਦੂਜਾ, ਜੇਕਰ ਛਾਤੀ ਦਰਦ ਦੀ ਮਿਆਦ 30 ਸਕਿੰਟਾਂ ਤੋਂ ਘੱਟ ਹੋਵੇ ਤਾਂ ਸਮਝੋ, ਇਹ ਹਾਰਟ ਅਟੈਕ ਦੀ ਘਟਨਾ ਨਹੀਂ ਹੈ।



ਗੁੱਸਾ, ਉਦਾਸੀ, ਚਿੜਚਿੜਾਪਣ, ਤਣਾਅ ਆਦਿ ਵੀ ਦਿਲ ਦੀਆਂ ਬਿਮਾਰੀਆਂ ਲਈ ਰਾਹ ਪੱਧਰਾ ਕਰਦੇ ਹਨ। ਹੈਨਰੀ ਫੋਰਡ ਹਸਪਤਾਲ ਦੇ ਡਾ. ਮਾਰਕ ਕੈਟਰਰ ਵੱਲੋਂ ਕੀਤੀ ਗਈ ਖੋਜ ਅਨੁਸਾਰ ਗੁੱਸਾ ਦਿਲ ਦੀਆਂ ਬਿਮਾਰੀਆਂ ਦੀ ਸੰਭਾਵਨਾ ਨੂੰ ਵਧਾਉਂਦਾ ਹੈ। ਉਸ ਨੇ ਆਪਣੇ ਖੋਜ-ਪੱਤਰ ਵਿਚ ਗੁੱਸੇ ਅਤੇ ਤਣਾਅ ਦਿਲ ਦੀਆਂ ਬਿਮਾਰੀਆਂ ਦੀ ਸੰਭਾਵਨਾ ਨੂੰ ਵਧਾਉਂਦਾ ਹੈ। ਉਸ ਨੇ ਆਪਣੇ ਖੋਜ-ਪੱਤਰ ਵਿਚ ਗੁੱਸੇ ਅਤੇ ਤਣਾਅ ਦੇ ਦਿਲ ਦੀਆਂ ਬਿਮਾਰੀਆਂ ’ਤੇ ਪਏ ਪ੍ਰਭਾਵਾਂ ਦਾ ਅਧਿਐਨ ਕੀਤਾ ਅਤੇ ਵੇਖਿਆ ਕਿ ਉਹ ਰੋਗੀ ਜੋ ਵਧੇਰੇ ਚਿੜਚਿੜੇ ਅਤੇ ਗੁੱਸੇ ਵਾਲੇ ਹੁੰਦੇ ਹਨ, ਉਨ੍ਹਾਂ ਵਿਚ ਇਸਚੀਮੀਆ ਦੇ ਲੱਛਣ ਪਾਏ ਗਏ (ਇਸਚੀਮੀਆ ਦਾ ਅਰਥ ਹੈ ਦਿਲ ਨੂੰ ਆਕਸੀਜਨ ਦੀ ਘੱਟ ਮਾਤਰਾ ਦਾ ਪਹੁੰਚਣਾ, ਜਿਸ ਨਾਲ ਦਿਲ ਦੇ ਦੌਰੇ ਦੀ ਸੰਭਾਵਨਾ ਵਧ ਜਾਂਦੀ ਹੈ)।

ਗੁੱਸਾ, ਤਣਾਅ ਅਤੇ ਧਮਣੀਆਂ ਵਿਚ ਰੁਕਾਵਟ ਤੋਂ ਇਲਾਵਾ ਖਾਣ-ਪੀਣ ਦੀਆਂ ਮਾੜੀਆਂ ਆਦਤਾਂ, ਵਰਜਿਸ਼ ਦੀ ਘਾਟ, ਮੋਟਾਪਾ ਅਤੇ ਤੰਬਾਕੂਨੋਸ਼ੀ ਦਿਲ ਦੀਆਂ ਬਿਮਾਰੀਆਂ ਦੇ ਮੁੱਖ ਕਾਰਨ ਹਨ। ਕਿਹਾ ਜਾ ਸਕਦਾ ਹੈ ਕਿ ਦਿਲ ਦੀਆਂ ਬਿਮਾਰੀਆਂ ਕੁਦਰਤ ਦੇ ਅਸੂਲਾਂ ਦੀ ਉਲੰਘਣਾ ਦੀ ਸਜ਼ਾ ਹੈ। ਗ਼ੌਰਤਲਬ ਹੈ ਕਿ ਜੰਗਲੀ ਜੀਵ ਦਿਲ ਦੀਆਂ ਬਿਮਾਰੀਆਂ ਤੋਂ ਬਚੇ ਰਹਿੰਦੇ ਹਨ, ਕਿਉਂਕਿ ਉਹ ਆਪਣਾ ਜੀਵਨ ਕੁਦਰਤ ਦੇ ਅਸੂਲਾਂ ਅਨੁਸਾਰ ਬਤੀਤ ਕਰਦੇ ਹਨ।

ਸ਼ਿਫ਼ਟਾਂ ’ਤੇ ਕੰਮ ਕਰਨਾ ਵੀ ਕਿਸੇ ਵਿਅਕਤੀ ਨੂੰ ਦਿਲ ਦੀ ਬਿਮਾਰੀ ਹੋਣ ਦੇ ਖ਼ਤਰੇ ਦੇ ਨੇੜੇ ਕਰ ਦਿੰਦਾ ਹੈ, ਕਿਉਂਕਿ ਦਿਲ ਕਹਿ ਰਿਹਾ ਹੁੰਦਾ ਹੈ ਕਿ ਕੰਮ ਦਾ ਸਮਾਂ ਰਾਤ ਨਹੀਂ, ਸਗੋਂ ਦਿਨ ਹੈ, ਯਾਨੀ ਦਿਲ ਅੱਧੀ ਰਾਤ ਨੂੰ ਕੰਮ ਕਰਨ ਲਈ ਤਿਆਰ ਨਹੀਂ ਹੁੰਦਾ। ਦਰਅਸਲ, ਇਹ ਵੀ ਕੁਦਰਤ ਦੇ ਨਿਯਮਾਂ ਦੀ ਉਲੰਘਣਾ ਹੈ, ਜਿਸ ਕਾਰਨ ਦਿਲ ਦਬਾਅ ਹੇਠ ਆ ਜਾਂਦਾ ਹੈ।

ਨਿਰਾਸ਼ਾਵਾਦੀ ਮਾਨਸਿਕਤਾ ਵੀ ਸੰਬੰਧਤ ਵਿਅਕਤੀ ਨੂੰ ਦਿਲ ਦੀਆਂ ਬਿਮਾਰੀਆਂ ਦੇ ਰੂ-ਬ-ਰੂ ਕਰ ਸਕਦੀ ਹੈ। “ਆਸ਼ਾਵਾਦੀ ਰਵੱਈਏ ਦੇ ਹਮਾਇਤੀ ਲੋਕਾਂ ਨੂੰ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਘੱਟ ਤੋਂ ਘੱਟ ਹੁੰਦਾ ਹੈ। ਨਿਰਾਸ਼ਾਵਾਦੀ ਮਾਨਸਿਕਤਾ ਵਾਲੇ ਲੋਕਾਂ ਨੂੰ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਬਣੀ ਰਹਿੰਦੀ ਹੈ।” ਇਕ ਡੱਚ ਅਧਿਐਨ ’ਚ ਉਪਰੋਕਤ ਤੱਥਾਂ ਦਾ ਖੁਲਾਸਾ ਕੀਤਾ ਗਿਆ ਹੈ। ਇਸ ਅਧਿਐਨ ਦੌਰਾਨ ਨੀਦਰਲੈਂਡ ਦੇ ਸਿਹਤ ਇੰਸਟੀਚਿਊਟ’ ਚ6 4ਤੋ`8 4ਸ ਾਲ ਉਮਰ ਵਰਗ ਦੇ 545 ਪੁਰਸ਼ਾਂ ਦਾ ਪ੍ਰੀਖਣ ਕੀਤਾ ਗਿਆ। ਅਧਿਐਨ ਤਹਿਤ ਲਏ ਗਏ ਲੋਕਾਂ ’ਤੇ 15 ਸਾਲਾਂ ਤੱਕ ਨਿਗਰਾਨੀ ਰੱਖੀ ਗਈ। ਖੋਜੀ ਇਸ ਸਿੱਟੇ ’ਤੇ ਪਹੁੰਚੇ ਹਨ ਕਿ ਆਸ਼ਾਵਾਦੀ ਸੋਚ ਰੱਖਣਵ ਾਲੇਲੋਕਾਂ ਵਰਿ ਜਥੇਂ ਦਲ ਦੀਆਂ ਬਿਮਾਰੀਆਂ ਦੀ ਲਪੇਟ ਵਿਚ ਆਉਣ ਦੀ ਸੰਭਾਵਨਾ ਘੱਟ ਹੁੰਦੀ ਹੈ, ਉਥੇ ਉਹ ਬਿਮਾਰ ਹੋਣ ’ਤੇ ਨਿਰਾਸ਼ਾਵਾਦੀ ਸੋਚ ਰੱਖਣ ਵਾਲੇ ਲੋਕਾਂ ਦੀ ਤੁਲਨਾ ’ਚ ਜਲਦੀ ਸਿਹਤਯਾਬ ਹੋ ਜਾਂਦੇ ਹਨ।

ਭਾਰਤ ਸਣੇ ਸਮੁੱਚੇ ਦੱਖਣੀ ਏਸ਼ੀਆ ਦੇ ਬਹੁਗਿਣਤੀ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਉਨ੍ਹਾਂ ਵਿਚਲੇ ਪੈਤਰਿਕ ਗੁਣਾਂ ਕਰਕੇ ਚਿੰਬੜਦੀਆਂ ਹਨ, ਯਾਨੀ ਇਹ ਬਿਮਾਰੀਆਂ ਉਨ੍ਹਾਂ ਨੂੰ ਜੀਨਜ਼ (Genes) ਰਾਹੀਂ ਵਿਰਾਸਤ ਵਿਚ ਮਿਲਦੀਆਂ ਹਨ। ਇਸੇ ਕਰਕੇ ਬਹੁਤੀ ਵਾਰ ਦਿਲ ਦੀਆਂ ਬਿਮਾਰੀਆਂ ਦਾ ਇਲਾਜ ਸੰਭਵ ਨਹੀਂ ਹੁੰਦਾ। 40-45 ਸਾਲ ਦੀ ਉਮਰ ਦੌਰਾਨ ਸਾਨੂੰ ਦਿਲ ਦੀਆਂ ਬਿਮਾਰੀਆਂ ਘੇਰ ਲੈਂਦੀਆਂ ਹਨ, ਜਦ ਕਿ ਪੱਛਮੀ ਮੁਲਕਾਂ ’ਚ ਦਿਲ ਦੀਆਂ ਬਿਮਾਰੀਆਂ ਔਸਤਨ 60 ਸਾਲਾਂ ਦੀ ਉਮਰ ਤੋਂ ਬਾਅਦ ਹਮਲਾ ਕਰਦੀਆਂ ਹਨ। ਉਨ੍ਹਾਂ ਨੇ ਇਕ ਦਿਲਚਸਪ ਤੱਥ ਤੋਂ ਪਰਦਾ ਹਟਾਉਂਦਿਆਂ ਦੱਸਿਆ ਕਿ ਪੱਛਮੀ ਦੇਸ਼ਾਂ ਦੇ ਮੁਕਾਬਲੇ ਇਸ ਖਿੱਤੇ ਦੇ ਲੋਕ ਦਿਲ ਦੀਆਂ ਬਿਮਾਰੀਆਂ ਦੀ ਪਕੜ ਵਿਚ ਇਸ ਕਰਕੇ ਆ ਜਾਂਦੇ ਹਨ, ਕਿਉਂਕਿ ਇਸ ਖਿੱਤੇ ਦੇ ਵਾਸੀਆਂ ਦੇ ਦਿਲ ਦੀਆਂ ਧਮਣੀਆਂ ਪੱਛਮੀ ਮੁਲਕਾਂ ਦੇ ਲੋਕਾਂ ਦੇ ਮੁਕਾਬਲੇ ਛੋਟੀਆਂ ਹਨ। ਇਤਫ਼ਾਕਸਵੱਸ, ਇਥੇ ਇਹ ਗੱਲ ਸਪੱਸ਼ਟ ਕਰ ਦੇਣੀ ਜ਼ਰੂਰੀ ਬਣਦੀ ਹੈ ਕਿ ਭਾਰਤੀ ਮੂਲ ਦੇ ਲੋਕਾਂ ਵਿਚ ਦਿਲ ਦੀਆਂ ਧਮਣੀਆਂ ਬੇਸ਼ੱਕ ਮੁਕਾਬਲਤਨ ਛੋਟੀਆਂ ਹੁੰਦੀਆਂ ਹਨ ਪਰ ਇਹ ਕੋਲੈਸਟਰਾਲ ਦੇ ਜੰਮਣ ਨਾਲ ਇਕਦਮ ਹੀ ਬੰਦ ਨਹੀਂ ਹੋ ਜਾਂਦੀਆਂ। ਦੋ ਤੋਂ ਤਿੰਨ ਦਹਾਕਿਆਂ ਦਾ ਸਮਾਂ ਲੱਗਦਾ ਹੈ ਅਜਿਹੇ ਮੰਦਭਾਗੇ ਹਾਲਾਤ ਪੈਦਾ ਹੋਣ ਨੂੰ! ਇਹੋ ਤੱਥ, ਦਿਲ ਦੇ ਰੋਗਾਂ ਦੇ ਇਕ ਅਮਰੀਕੀ ਮਾਹਿਰ ਡਾ. ਐਰਿਕ ਗਿਲਟੇ ਦੇ ਸ਼ਬਦਾਂ ਵਿਚ : “Heart Attack Process, Which Involves Blocking of The Coronary Arteries, Takes Two to Three Decades to Become Serious.” ਇਸ ਦਾ ਮਤਲਬ ਇਹ ਹੋਇਆ ਕਿ ਹਾਰਟ ਅਟੈਕ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਮਰੀਜ਼ਾਂ ਵੱਲੋਂ ਸਮੇਂ ਸਿਰ ਉਠਾਏ ਕੁਝ ਹਿਫ਼ਾਜ਼ਤੀ ਕਦਮ ਲਾਹੇਵੰਦ ਸਿੱਧ ਹੁੰਦੇ ਹਨ।

ਹੁਣ ਸਵਾਲ ਇਹ ਉਠਦਾ ਹੈ ਕਿ ਦਿਲ ਨੂੰ ਤੰਦਰੁਸਤ ਰੱਖਣ ਲਈ ਕਿਸ ਤਰ੍ਹਾਂ ਦੇ ਹਿਫ਼ਾਜ਼ਤੀ ਕਦਮ ਚੁੱਕੇ ਜਾਣ। ਇਸ ਸੰਬੰਧ ਵਿਚ ਸਭ ਤੋਂ




ਮਹੱਤਵਪੂਰਨ ਗੱਲ ਇਹ ਹੈ ਕਿ ਜੀਵਨਸ਼ੈਲੀ ਅਤੇ ਖਾਣ-ਪੀਣ ਦੀਆਂ ਆਦਤਾਂ ਵਿਚ ਬਦਲਾਅ ਲਿਆਇਆ ਜਾਵੇ। ਮੰਨੇ-ਪ੍ਰਮੰਨੇ ਦਿਲ ਦੇ ਰੋਗਾਂ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਭਾਰਤ ਵਾਸੀਆਂ ਨੇ ਜੀਵਨਸ਼ੈਲੀ 'ਚ ਬਦਲਾਅ ਨਾ ਕੀਤਾ ਤਾਂ ਦੇਸ਼ 'ਚ ਦਿਲ ਦੇ ਮਰੀਜ਼ਾਂ ਦੀ ਗਿਣਤੀ ਖ਼ਤਰਨਾਕ ਰੂਪ 'ਚ ਵਧਦੀ ਰਹੇਗੀ। ਇਨ੍ਹਾਂ ਮਾਹਿਰਾਂ ਅਨੁਸਾਰ ਜੇਕਰ ਦਿਲ ਦੇ ਮਰੀਜ਼ਾਂ ਦੀ ਸੰਖਿਆ 'ਚ ਵਾਧੇ ਦੀ ਇਹੀ ਦਰ ਰਹੀ ਤਾਂ 2020 ਤੱਕ ਅਜਿਹੇ ਰੋਗੀਆਂ ਦੀ ਸੰਖਿਆ ਦੇ ਮਾਮਲੇ 'ਚ ਭਾਰਤ ਦੁਨੀਆਂ ਦਾ ਨੰਬਰ ਇਕ ਦੇਸ਼ ਬਣ ਜਾਵੇਗਾ। ਪੰਜਾਬ ਯੂਨੀਵਰਸਿਟੀ ਦੇ ਸਾਈਕਾਲੋਜੀ ਵਿਭਾਗ ਦੇ ਪ੍ਰੋਫੈਸਰ ਜਤਿੰਦਰ ਮੋਹਨ ਦੀ ਅਗਵਾਈ ਹੇਠ ਕੀਤੇ ਇਕ ਤਾਜ਼ਾ ਅਧਿਐਨ ਤੋਂ ਇਹ ਤੱਥ ਉਭਰ ਕੇ ਸਾਹਮਣੇ ਆਇਆ ਹੈ ਕਿ ਭਾਰਤ ਦੇ ਉਤਰੀ ਖੇਤਰ ਦੇ ਲੋਕਾਂ, ਖਾਸਕਰ ਸਿੱਖ ਭਾਈਚਾਰੇ ਦੇ ਲੋਕਾਂ ਵਿਚ ਦਿਲ ਦੇ ਰੋਗਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਜੋ ਸਾਡੇ ਲਈ ਚਿੰਤਾ ਵਾਲੀ ਗੱਲ ਹੈ।

ਮੈਕਸ ਹਾਰਟ ਐਂਡ ਵਾਸਕਿਊਲਰ ਇੰਸਟੀਚਿਊਟ ਦੇ ਡਾਇਰੈਕਟਰ ਡਾ. ਪ੍ਰਵੀਨ ਚੰਦਰਾ ਅਨੁਸਾਰ ਸ਼ਹਿਰੀ ਇਲਾਕਿਆਂ 'ਚ ਲੋਕ ਉਚ ਤਣਾਅ ਦਾ ਸ਼ਿਕਾਰ ਹੋ ਜਾਂਦੇ ਹਨ। ਲੋਕ ਘੱਟ ਤੋਂ ਘੱਟ ਸਮੇਂ 'ਚ ਵੱਧ ਤੋਂ ਵੱਧ ਤਰੱਕੀ ਕਰਨਾ ਚਾਹੁੰਦੇ ਹਨ। ਸਮਰੱਥਾ ਤੋਂ ਵੱਧ ਕੰਮ ਕਰਨਾ ਨੌਜਵਾਨਾਂ 'ਚ ਤਣਾਅ ਅਤੇ ਦਿਲ ਦੇ ਰੋਗਾਂ ਦਾ ਪ੍ਰਮੁੱਖ ਕਾਰਨ ਹੈ। 'ਦਿਲ ਦੀ ਬਿਮਾਰੀ ਮੁੱਖ ਰੂਪ 'ਚ ਜੀਵਨਸ਼ੈਲੀ ਨਾਲ ਜੁੜੀ ਬਿਮਾਰੀ ਹੈ। ਲੋਕਾਂ ਨੂੰ ਆਪਣੀ ਜੀਵਨਸ਼ੈਲੀ ਤੇ ਆਦਤਾਂ 'ਚ ਬਦਲਾਅ ਲਿਆਉਣਾ ਹੋਵੇਗਾ।" ਜਿਥੋਂ ਤੱਕ ਆਦਤਾਂ ਦਾ ਸਵਾਲ ਹੈ ਖਾਣ-ਪੀਣ ਦੇ ਮਾਮਲੇ 'ਚ ਬਦਲਾਅ ਅਤਿ ਜ਼ਰੂਰੀ ਹੈ।

ਦਿਲ ਦੇ ਰੋਗਾਂ ਦੇ ਪ੍ਰਸਿੱਧ ਮਾਹਿਰ ਡਾ. ਨਰੇਸ਼ ਤਰੇਹਨ ਅਨੁਸਾਰ ਦਿਲ ਦੇ ਰੋਗਾਂ ਨੂੰ ਦੂਰ ਰੱਖਣ ਦਾ ਮੂਲ ਮੰਤਰ ਹੈ ਸੀਮਤ ਮਾਤਰ ਵਿਚ ਭੋਜਨ ਕਰਨਾ। ਉਸ ਦਾ ਕਹਿਣਾ ਹੈ ਕਿ ਹਰ ਵਿਅਕਤੀ ਨੂੰ ਹਰ ਰੋਜ਼ ਦੋ ਚਮਚੇ ਸੋਇਆ ਤੇਲ ਜਾਂ ਜੈਤੂਨ ਦੇ ਤੇਲ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਭੋਜਨ ਵਿਚ ਕਾਰਬੋਹਾਈਡ੍ਰੇਟ ਅਤੇ ਸਬਜ਼ੀਆਂ ਦੀ ਬਹੁਤਾਤ ਹੋਣੀ ਚਾਹੀਦੀ ਹੈ। ਚੀਨੀ ਅਤੇ ਚਰਬੀ ਬਹੁਤ ਸੀਮਤ ਮਾਤਰਾ ਵਿਚ ਲਈ ਜਾਣੀ ਚਾਹੀਦੀ ਹੈ। ਹਫ਼ਤੇ ਵਿਚ ਤਿੰਨ ਵਾਰ ਸੀਮਤ ਮਾਤਰਾ ਵਿਚ ਸ਼ਰਾਬ ਦੀ ਆਗਿਆ ਤਾਂ ਦਿੱਤੀ ਜਾ ਸਕਦੀ ਹੈ ਪਰ ਸਿਗਰਟਨੋਸ਼ੀ ਤੋਂ ਦੂਰ ਰਹਿਣਾ ਤਾਂ ਬਹੁਤ ਹੀ ਜ਼ਰੂਰੀ ਹੈ। ਧਿਆਨ ਅਤੇ ਸਾਧਨਾ ਨੂੰ ਵੀ ਜੀਵਨ ਦਾ ਜ਼ਰੂਰੀ ਅੰਗ ਬਣਾਉਣਾ ਚਾਹੀਦਾ ਹੈ।

ਇਕ ਅਮਰੀਕੀ ਖੋਜੀ ਡਾ. ਕਾਲਡਵੈੱਲ ਐਸਿਲਸਟਾਇਨ ਦਾ ਕਹਿਣਾ ਹੈ ਕਿ ਸ਼ਾਕਾਹਾਰੀ ਭੋਜਨ ਦਿਲ ਦੇ ਦੌਰੇ ਤੋਂ ਬਚਾਓ ਛਤਰ ਪ੍ਰਦਾਨ ਕਰਦਾ ਹੈ। ਡਾ. ਐਸਿਲਟਾਇਨ ਦੇ ਸ਼ਬਦਾਂ ਵਿਚ : "Sticking To a Plant Based Diet Can Eliminate The Chances of Developing Coronary Heart Diseases." ਪਰ ਮੱਛੀ ਖਾਣੀ ਦਿਲ ਦੀ ਸਿਹਤ ਲਈ ਚੰਗੀ ਹੈ। ਬੋਸਟਨ ਵਿਖੇ, 1982 ਤੋਂ ਇਸ ਵਿਸ਼ੇ 'ਤੇ ਖੋਜ 'ਚ ਲੱਗੀ ਕ੍ਰਿਸਟੀਨਾ ਅਲਬਰਟ ਦਾ ਕਹਿਣਾ ਹੈ, "ਹਫ਼ਤੇ 'ਚ ਦੋ ਵਾਰ ਮੱਛੀ ਖਾਣ ਵਾਲਿਆਂ ਨੂੰ, ਨਾ ਖਾਣ ਵਾਲਿਆਂ ਨਾਲੋਂ ਹਾਰਟ ਅਟੈਕ ਤੇ ਦਿਲ ਦੀਆਂ ਬਿਮਾਰੀਆਂ ਨਾਲ ਮੌਤ ਹੋਣ ਦਾ ਖਤਰਾ 47 ਫੀਸਦੀ ਘੱਟ ਜਾਂਦਾ ਹੈ।"

ਅਮਰੀਕਾ ਦੇ ਖੋਜੀਆਂ ਦਾ ਕਹਿਣਾ ਹੈ ਕਿ ਦਿਲ ਨੂੰ ਤੰਦਰੁਸਤ ਰੱਖਣ ਲਈ ਘੱਟੋ-ਘੱਟ ਰੋਜ਼ਾਨਾ 7 ਘੰਟੇ ਸੌਣਾ ਜ਼ਰੂਰੀ ਹੈ। ਇਹ ਜਾਣਕਾਰੀ, ਪਿਟਸਬਰਗ ਦੇ ਖੋਜੀ ਡਾਕਟਰਾਂ ਵੱਲੋਂ ਸੰਨ 2000 ਤੋਂ 2004 ਤੱਕ ਔਸਤਨ 37 ਸਾਲ ਉਮਰ ਦੇ 153 ਸਿਹਤਮੰਦ ਇਸਤਰੀਆਂ ਤੇ ਮਰਦਾਂ 'ਤੇ ਕੀਤੀ ਖੋਜ 'ਤੇ ਆਧਾਰਤ ਹੈ। ਖੋਜੀਆਂ ਅਨੁਸਾਰ ਪੂਰੀ ਤੇ ਗੂੜ੍ਹੀ ਨੀਂਦ ਦਾ ਨਜ਼ਾਰਾ ਨਾ ਲੈਣ ਵਾਲਿਆਂ ਨੂੰ ਤਣਾਅ ਅਤੇ ਦਿਲ ਦੀਆਂ ਬਿਮਾਰੀਆਂ ਆ ਘੇਰਦੀਆਂ ਹਨ।

ਮੋਟਾਪਾ, ਦਿਲ ਦੇ ਰੋਗਾਂ ਨੂੰ ਵਿਸ਼ੇਸ਼ ਬੁਲਾਵਾ ਦਿੰਦਾ ਹੈ। ਸੋ, ਮੋਟਾਪੇ ਨੂੰ ਨੇੜੇ ਨਾ ਫਟਕਣ ਦਿਓ। ਉਂਝ ਵੀ 'ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥' – ਬਾਬਾ ਨਾਨਕ। ਰੋਜ਼ਾਨਾ ਕਸਰਤ (ਘੱਟੋ-ਘੱਟ ਸਵੇਰੇ-ਸ਼ਾਮ ਸੈਰ), ਦਿਲ ਦੇ ਰੋਗਾਂ ਦੀ ਰੋਕਥਾਮ ਲਈ ਅਤਿ ਜ਼ਰੂਰੀ ਹੈ। ਘਿਓ, ਮੱਖਣ, ਮਲਾਈ, ਮਾਸ ਦੀ ਚਰਬੀ ਅਤੇ ਅੰਡਿਆਂ ਦੀ ਵਰਤੋਂ 'ਚ ਕਟੌਤੀ ਕਰਕੇ ਖ਼ੂਨ 'ਚ ਕੋਲੈਸਟਰਾਲ ਦੀ ਮਾਤਰਾ ਨੂੰ ਘਟਾਇਆ ਜਾ ਸਕਦਾ ਹੈ।

ਗੱਲ ਨੂੰ ਸਮੇਟਦਿਆਂ, ਉਹ ਖੁਰਾਕ ਜਿਸ ਵਿਚ ਸਬਜ਼ੀਆਂ ਅਤੇ ਫਲ ਵਧੇਰੇ ਹੋਣ, ਪਰ ਮੀਟ ਅਤੇ ਮਿੱਠਾ ਘੱਟ ਹੋਵੇ, ਦੀ ਵਰਤੋਂ ਕਰਨ ਨਾਲ ਨਾ ਸਿਰਫ਼ ਬਲੱਡ ਪ੍ਰੈਸ਼ਰ ਘਟਾਉਣ ਵਿਚ ਮਦਦ ਮਿਲਦੀ ਹੈ, ਸਗੋਂ ਇਸ ਨਾਲ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵੀ ਘਟਦਾ ਹੈ। ਇਹ ਗੱਲ, ਹਾਲ ਹੀ ਵਿਚ ਵਾਸ਼ਿੰਗਟਨ ਵਿਖੇ ਕੀਤੀ ਗਈ ਇਕ ਖੋਜ ਤੋਂ ਸਾਹਮਣੇ ਆਈ ਹੈ। ਖੋਜਕਾਰਾਂ ਨੇ ਦੱਸਿਆ ਹੈ ਕਿ ਸਿਹਤਮੰਦ ਖੁਰਾਗ ਦਿਲ ਅਤੇ ਖ਼ੂਨ ਦੀ ਸੰਚਾਰ ਪ੍ਰਣਾਲੀ 'ਤੇ ਇਕ ਤੋਂ ਵਧੇਰੇ ਪ੍ਰਭਾਵ ਪਾਉਂਦੀ ਹੈ। ਖੁਰਾਕ ਵਿਚ ਸਿਰਫ਼ ਘੱਟ ਫੈਟ ਵਾਲੇ ਡੇਅਰੀ ਪਦਾਰਥ ਸ਼ਾਮਲ ਕੀਤੇ ਜਾ ਸਕਦੇ ਹਨ। ਦਿਲ ਦੇ ਮਰੀਜ਼ਾਂ ਨੂੰ ਖਾਣਾ ਖਾਣ ਤੋਂ ਬਾਅਦ ਘੱਟੋ-ਘੱਟ ਇਕ ਘੰਟਾ ਆਰਾਮ ਕਰਨਾ ਚਾਹੀਦਾ ਹੈ। ਮਰੀਜ਼ ਨੂੰ ਚਾਹੀਦਾ ਹੈ ਕਿ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ, ਕਿਉਂਕਿ ਦਿਲ ਦਾ ਦੌਰਾ ਪੈਣ ਦੀ ਘਟਨਾ, ਕਈ ਵਾਰ, ਉਦਾਸੀ ਤੇ ਤਣਾਅ ਦੀ ਸਥਿਤੀ ਵਿਚੋਂ ਜਨਮ ਲੈਂਦੀ ਹੈ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-09-2014 ਤੋਂ 30-09-2014

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਗਿਆਨੀ ਗੁਰਬਚਨ ਸਿੰਘ<br>ਮਕਾਨ ਨੰ. 539, ਫੇਸ-10, ਮੋਹਾਲੀ<br>(ਇਹ ਨਾਮ ਪਿਛਲੇ ਅੰਕ ਵਿਚ ਛਪਣ ਤੋਂ ਰਹਿ ਗਿਆ ਸੀ) | 2100/- | ਐਚ -6082 | 20-08-2014 |
| 2. | ਸ੍ਰੀ. ਮਾਧਵ<br>ਮਕਾਨ ਨੰ. 94/2, ਬੈਂਕ ਕਲੋਨੀ, ਮਨੀਮਾਜਰਾ | 500/- | ਐਚ-6087 | 03-09-2014 |
| 3. | ਸ. ਜਗਮੋਹਨ ਸਿੰਘ<br>ਮਕਾਨ ਨੰ. 390, ਸੈਕਟਰ-16, ਪੰਚਕੂਲਾ | 1000/- | ਐਚ-6089 | 06-09-2014 |
| 4. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ. 117, ਸੈਕਟਰ-35 ਏ, ਚੰਡੀਗੜ੍ਹ | 500/- | ਐਚ-6096 | 16-09-2014 |
| 5. | ਸ. ਗਿਆਨ ਸਿੰਘ ਮੁਲਤਾਨੀ<br>ਸੀਨੀਅਰ ਮੀਤ ਪ੍ਰਧਾਨ (ਹੈਡਕੁਆਰਟਰ)<br>ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 200/- | ਐਚ-6097 | 16-09-2014 |
| 6. | ਸ. ਗੁਰਬਚਨ ਸਿੰਘ<br>ਮਕਾਨ ਨੰ.-2808/2, ਸੈਕਟਰ-47, ਚੰਡੀਗੜ੍ਹ | 100/- | ਐਚ-6098 | 16-09-2014 |
| 7. | ਸ. ਅਮਰਜੀਤ ਸਿੰਘ, ਸਪੁੱਤਰ<br>ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 101/- | ਐਚ-6099 | 16-09-2014 |
| 8. | ਸ. ਕੁਲਵੰਤ ਸਿੰਘ<br>ਫੇਸ-10, ਮੋਹਾਲੀ | 100/- | ਐਚ-6100 | 16-09-2014 |
| 9. | (ਰਿਟਾ.) ਲੈਕਚਰਾਰ ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ.-3405, ਸੈਕਟਰ-40- ਡੀ, ਚੰਡੀਗੜ੍ਹ | 200/- | ਐਚ-5809 | 16-09-2014 |
| 10. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ, ਚੰਡੀਗੜ੍ਹ | 100/- | ਐਚ-5810 | 16-09-2014 |
| 11. | ਸ. ਭਗਤ ਸਿੰਘ, ਆਈ.ਏ.ਐਸ. (ਰਿਟਾ.)<br>ਮਕਾਨ ਨੰ. 795, ਫੇਸ-3 ਬੀ 1, ਮੋਹਾਲੀ | 500/- | ਐਚ-5811 | 16-09-2014 |
| 12. | ਸ. ਨਰਿੰਦਰ ਸਿੰਘ,<br>ਸੰਨੀ ਇਨਕਲੇਵ, ਖਰੜ੍ਹ, ਮੋਹਾਲੀ | 202/- | ਐਚ-5812 | 16-09-2014 |
| 13. | ਕਮਾਂਡਰ ਜੋਗਿੰਦਰ ਸਿੰਘ<br>ਮਕਾਨ ਨੰ.-2368, ਫੇਸ-11, ਮੋਹਾਲੀ | 500/- | ਐਚ-5813 | 16-09-2014 |
| 14. | ਸ. ਪ੍ਰੀਤਮ ਸਿੰਘ, ਭੋਪਾਲ | 100/- | ਐਚ-5814 | 16-09-2014 |

| | | | | |
|---|---|---|---|---|
| 15. | ਸ. ਗੁਰਦੇਵ ਸਿੰਘ ਸਰਕਾਰੀ ਠੇਕੇਦਾਰ<br>ਮਕਾਨ ਨੰ. 122, ਸੈਕਟਰ-36, ਚੰਡੀਗੜ੍ਹ | 500/- | ਐਚ-5815 | 16-09-2014 |
| 16. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-5816 | 16-09-2014 |
| 17. | ਸ. ਪਰਮਿੰਦਰਜੀਤ ਸਿੰਘ<br>ਸੀਨੀਅਰ ਮੀਤ ਪ੍ਰਧਾਨ (ਪੰਜਾਬ) | 500/- | ਐਚ-5817 | 16-09-2014 |
| 18. | ਡਾ. ਹਰਜਿੰਦਰ ਸਿੰਘ ਸਪੁੱਤਰ<br>ਸ. ਅਮਰੀਕ ਸਿੰਘ ਮੁਲਤਾਨੀ<br>ਮਕਾਨ ਨੰ.-2102, ਫੇਸ-10, ਮੋਹਾਲੀ | 200/- | ਐਚ-5818 | 16-09-2014 |
| 19. | ਡਾ. ਸੁਖਵਿੰਦਰ ਸਿੰਘ, ਸਪੁੱਤਰ<br>ਸ. ਅਮਰੀਕ ਸਿੰਘ ਮੁਲਤਾਨੀ<br>ਮਕਾਨ ਨੰ.-2102, ਫੇਸ-10, ਮੋਹਾਲੀ | 200/- | ਐਚ-5819 | 16-09-2014 |
| 20. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮਕਾਨ ਨੰ.-541, ਫੇਸ-3-ਏ, ਮੋਹਾਲੀ | 100/- | ਐਚ-5820 | 16-09-2014 |
| 21. | ਕਰਨਲ ਮੱਖਣ ਸਿੰਘ<br>ਮਕਾਨ ਨੰ. 2094, ਫੇਸ-7, ਮੋਹਾਲੀ | 500/- | ਐਚ-5821 | 16-09-2014 |
| 22. | ਸ. ਸੁਖਪਾਲ ਸਿੰਘ | 500/- | ਐਚ-5822 | 16-09-2014 |
| 23. | ਗਿਆਨੀ ਗੁਰਬਚਨ ਸਿੰਘ<br>ਮਕਾਨ ਨੰ. 539, ਫੇਸ-10, ਮੋਹਾਲੀ | 1100/- | ਐਚ -5824 | 22-09-2014 |

## ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਕੋਸ਼ ਫੰਡ

| ਲੜੀ ਨੰ. | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ. | ਮਿਤੀ |
|---|---|---|---|---|
| 1. | ਮੇਜਰ ਮੇਹਰ ਸਿੰਘ<br>ਮਕਾਨ ਨੰ.-2371, ਫੇਸ-11, ਮੋਹਾਲੀ | 2000/- | ਐਚ-6090 | 12-09-2014 |
| 2. | ਸ. ਹਰਬੰਸ ਸਿੰਘ, ਜਨਰਲ ਸਕੱਤਰ<br>ਮਕਾਨ ਨੰ.-2060, ਫੇਸ-10, ਮੋਹਾਲੀ | 1000/- | ਐਚ-6091 | 12-09-2014 |
| 3. | ਸ. ਜਗੀਰ ਸਿੰਘ ਲਾਲੀਆ ਵਿੱਤ ਸਕੱਤਰ<br>ਮਕਾਨ ਨੰ.-1838, ਫੇਸ-7, ਮੋਹਾਲੀ | 1000/- | ਐਚ-6092 | 12-09-2014 |
| 4. | ਸ. ਅਮਰੀਕ ਸਿੰਘ ਮੁਲਤਾਨੀ<br>ਮਕਾਨ ਨੰ.-2102, ਫੇਸ-10, ਮੋਹਾਲੀ | 1000/- | ਐਚ-6093 | 12-09-2014 |
| 5. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ. 117, ਸੈਕਟਰ-35 ਏ, ਚੰਡੀਗੜ੍ਹ | 5000/- | ਐਚ-6096 | 12-09-2014 |
| 6. | ਸ. ਗੁਰਦੇਵ ਸਿੰਘ ਸਰਕਾਰੀ ਠੇਕੇਦਾਰ<br>ਮਕਾਨ ਨੰ. 122, ਸੈਕਟਰ-36, ਚੰਡੀਗੜ੍ਹ | 1000/- | ਐਚ-6095 | 12-09-2014 |
| 7. | ਸ. ਜਸਬੀਰ ਸਿੰਘ<br>ਆਰ.ਐਸ.ਡੀ. ਕਲੋਨੀ, ਸ਼ਾਹਪੁਰ ਕੰਡੀ | 400/- | ਜੇ-8209 | 13-09-2014 |

| | | | | |
|---|---|---|---|---|
| 8. | ਸ. ਇੰਦਰ ਸਿੰਘ<br>ਮਕਾਨ ਨੰ.-1756, ਸੈਕਟਰ-43-ਬੀ, ਚੰਡੀਗੜ੍ਹ | 500/- | ਜੇ-8210 | 13-09-2014 |
| 9. | ਕਰਨਲ ਕੇ.ਡੀ. ਸਿੰਘ<br>307, ਨਿਊ ਜੈਨਰੇਸਨ ਅਪਾਰਟਮੈਂਟਸ, ਜ਼ੀਰਕਪੁਰ | 2000/- | ਜੇ-8211 | 13-09-2014 |
| 10. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ, ਚੰਡੀਗੜ੍ਹ | 1000/- | ਜੇ-8212 | 13-09-2014 |
| 11. | ਸ. ਹਰਭਜਨ ਸਿੰਘ<br>ਮਕਾਨ ਨੰ.-576, ਮੋਤਾ ਸਿੰਘ ਨਗਰ, ਜਲੰਧਰ | 5000/- | ਜੇ-8213 | 13-09-2014 |

## ਹੇਠ ਲਿਖੇ ਮੈਂਬਰਾਂ ਦੇ ਚੈੱਕ ਫਾਊਂਡੇਸ਼ਨ ਵਲੋਂ ਸਿੱਧੇ ਪ੍ਰਧਾਨ ਮੰਤਰੀ ਨੂੰ ਭੇਜੇ ਗਏ ਗਏ

| ਲੜੀ ਨੰ. | ਨਾਮ ਤੇ ਪਤਾ | ਰਾਸ਼ੀ ਰੁਪਏ |
|---|---|---|
| 1. | ਸ. ਭਗਤ ਸਿੰਘ, ਆਈ. ਏ. ਐਸ. (ਰਿਟਾ.)<br>ਮਕਾਨ ਨੰ. 795, ਫੇਸ-3 ਬੀ 2, ਮੋਹਾਲੀ | 11,000/- ਚੈੱਕ ਪ੍ਰਧਾਨ ਮੰਤਰੀ ਨੂੰ ਭੇਜਿਆ ਗਿਆ |
| 2. | ਸ. ਗਿਆਨ ਸਿੰਘ ਮੁਲਤਾਨੀ<br>ਸੀਨੀਅਰ ਮੀਤ ਪ੍ਰਧਾਨ (ਹੈਡਕੁਆਰਟਰ)<br>ਮਕਾਨ ਨੰ. 42, ਸੈਕਟਰ-16 ਏ, ਚੰਡੀਗੜ੍ਹ | 1100/- ਚੈੱਕ ਪ੍ਰਧਾਨ ਮੰਤਰੀ ਨੂੰ ਭੇਜਿਆ ਗਿਆ |
| 3. | ਸ. ਅਮਰੀਕ ਸਿੰਘ ਮੁਲਤਾਨੀ<br>ਮਕਾਨ ਨੰ.-2102, ਫੇਸ-10, ਮੋਹਾਲੀ | 1100/- ਚੈੱਕ ਪ੍ਰਧਾਨ ਮੰਤਰੀ ਨੂੰ ਭੇਜਿਆ ਗਿਆ |

# ਹੜ੍ਹ ਪੀੜ੍ਹਤਾਂ ਲਈ ਮਦਦ - ਅਪੀਲ



ਜੰਮੂ-ਕਸ਼ਮੀਰ ਵਿਚ ਹੜ੍ਹਾਂ ਦੀ ਮਾਰ ਦਾ ਸੰਤਾਪ ਝੱਲ ਰਹੇ ਪੀੜਤ ਪਰਿਵਾਰਾਂ ਦੀ ਮਦਦ ਲਈ ਬਾਬਾ ਮੱਖਣ ਸਾਹ ਲੁਬਾਣਾ ਫਾਊਂਡੇਸ਼ਨ (ਰਜਿ.), ਚੰਡੀਗੜ੍ਹ ਵਲੋਂ 31,000 ਰੁਪਏ (ਇੱਕਤੀ ਹਜ਼ਾਰ ਰੁਪਏ) ਦੀ ਤੁਰੰਤ ਮਾਇਕ ਸਹਾਇਤਾ ਦਿ ਟ੍ਰਿਬਿਊਨ ਜੰਮੂ-ਕਸ਼ਮੀਰ ਰਿਲੀਫ ਫੰਡ ਦੇ ਦਫਤਰ ਵਿਚ ਪ੍ਰਧਾਨ ਮੰਤਰੀ ਨੈਸ਼ਨਲ ਰਿਲੀਫ ਫੰਡ ਲਈ ਜਮ੍ਹਾ ਕਰਵਾਏ ਗਏ, ਤਾਂ ਜੋ ਇਸ ਕੁਦਰਤੀ ਹੜ੍ਹਾਂ ਦੀ ਮਾਰ ਦੀ ਕਰੋਪੀ ਵਿਚ ਫਾਊਂਡੇਸ਼ਨ ਵੱਲੋਂ ਸਹਾਇਤਾ ਹੋ ਸਕੇ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਸਮੂੰਹ ਮੈਂਬਰਾਨ ਅਤੇ ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਵੀ ਆਪਣੀ ਯਥਾਸ਼ਕਤੀ ਜਾਂ ਇੱਛਾ ਅਨੁਸਾਰ ਜੋ ਵੀ ਯੋਗਦਾਨ ਪਾਉਣਾ ਚਾਹੁੰਦੇ ਹਨ ਉਹ ਫਾਊਂਡੇਸ਼ਨ ਦੇ ਪਤੇ 'ਤੇ ਚੈੱਕ ਜਾਂ ਡਰਾਫਟ ਰਾਹੀਂ Prime Minister's National Relief Fund ਦੇ ਹੈੱਡ ਹੇਠ ਜਮ੍ਹਾ ਕਰਵਾ ਸਕਦੇ ਹਨ। ਇਹ ਸਹਾਇਤਾ ਫਾਊਂਡੇਸ਼ਨ ਵੱਲੋਂ ਤੁਰੰਤ ਹੜ੍ਹ ਪੀੜ੍ਹਤਾਂ ਦੇ ਰਾਹਤ ਲਈ ਪਹੁੰਚਾ ਦਿੱਤੀ ਜਾਵੇਗੀ।

**(ਗੁਰਚਰਨ ਸਿੰਘ)**
**ਪ੍ਰਧਾਨ,**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**
**98140-17067**



# MATRIMONIAL



## PROFILE

| | | |
|---|---|---|
| Name | : | Pankhi Walia |
| D.o.b./Time/Place | : | 5th August 1989 (9.28 pm)/Kangra, Himachal |
| Height | : | 5'3" |
| Appearance | : | Fair |
| Education | : | B.E/B.Tech. (Computer Science) from LPU, Jalandhar<br>Schooling - DAV S.S. Public School Dehra |
| Profession | : | Software Engineer - worked for 2 years with NSPL<br>(Neset Soft. Pvt. Ltd.)<br>Presently - working with a Dabster technology |
| Package | : | 3 lak per annum |

### ABOUT

| | | |
|---|---|---|
| Father | : | Bussinessman |
| Mother | : | Housewife |
| Sibling (s) | : | 1 sister (working as a architect) |

Honest, Straight Forward and Open Minded; Regard for ethics and moral values.

With Regards,

Suman Walia (Mother) / Kewal Walia (Father)

| | | |
|---|---|---|
| Phone | : | 9418958832 |
| Email | : | akwalia008@gmail.com |

Suitable Match for Lobana Sikh girl D.O.B. 17 August 1986, Height 5'3", Edu. B.A. Psychology Honours, P.G.D.C.A. Preference for a Professionally qualified, well settled Lobana boy. Contact : 99157-82619 Dharamvir Singh.

Match for Lobana Sikh BDS, MIDA Doctor Boy, born 1987, 5'8", handsome, running own Dental Clinic in renowned town. Father Government Doctor in Haryana, Mother running own Medical clinic. Rural/Urban property. Email-drsinghprabhjot706@gmail.com, Contact No.-095410-74737.

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

Regd No. 32212/78

Postal No.-- CHD/0111/2012-14



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ



ਪ੍ਰੋਫੈਸਰ ਦਲਬੀਰ ਸਿੰਘ ਚੰਡੀਗੜ੍ਹ
(ਬੇਗੋਵਾਲ) ਇੰਟਰਨੈਸ਼ਨਲ ਟੂਰਿਸਟ
ਕੀਰਤਨ ਜਥੇ ਵਾਲਿਆਂ
ਨੂੰ ਸਨਮਾਨਿਤ ਕਰਦੇ ਹੋਏ
ਸ. ਗੁਰਚਰਨ ਸਿੰਘ
ਪ੍ਰਧਾਨ ਬਾਬਾ ਮੱਖਣ ਸ਼ਾਹ
ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ